# ਜੀਵਨ ਕਉਤਕ

ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਅੱਠਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾਂ, ਬਠਿੰਡਾ।

ਫੋਨ : 0164-2741811, 09216513139

ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ :** 2010

**ਅਸੀਸਾਂ**

**ਬਾਬਾ ਖੇਮ ਸਿੰਘ ਜੀ**

**ਪ੍ਰਕਾਸ਼ਕ**

**ਬਾਬਾ ਸੁਖਦੇਵ ਸਿੰਘ ਜੀ**

*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139

*ਛਾਪਕ :*

**ਪ੍ਰਿੰਟਵੈੱਲ**

146, ਇੰਡੀਸਟ੍ਰੀਅਲ ਫੋਕਲ ਪੁਆਇੰਟ,
ਅੰਮ੍ਰਿਤਸਰ

## ਤਤਕਰਾ

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ 5
ਕਉਣ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ 9
ਗੁਨਹ ਉਸ ਕੇ ਸਗਲ ਆਫੂ ਤੇਰੇ ਜਨ ਦੇਖਹਿ ਦੀਦਾਰ । 12
ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ॥ 14
ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ 15
ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ 16
ਆਪ ਸਹਾਈ ਹੋਆਸਚੇ ਦਾ ਸਚਾ ਢੋਆ 17
ਧਨਵੰਤ ਨਾਮ ਕੇ ਵਣਜਾਰੇ 22
ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ 24
ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ 27
ਜੈਸਾ ਕਰੇ ਸੁ ਤੈਸਾ ਪਾਏ ਅਭਿਮਾਨੀ ਕੀ ਜੜ ਸਰਪਰ ਜਾਏ 28
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥ 31
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥ 32
ਸੰਤ ਸਰਣਿ ਸੰਤ ਟਹਲ ਕਰੀ 34
ਜੋ ਤੁਮ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ॥ 35
ਸਿਖੀ ਸਿਖਿਆ ਗੁਰ ਵੀਚਾਰਿ। ਨਦਰੀ ਕਰਮਿ ਲੰਘਾਏ ਪਾਰਿ। 40
ਸੇਵਕ ਕਉ ਸੇਵਾ ਬਨਿ ਆਈ॥ ਹੁਕਮੁ ਬੂਝਿ ਪਰਮ ਪਦੁ ਪਾਈ॥ 41
ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ॥ 43
ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥ 44
ਜਿਨਿ ਜਿਨਿ ਕਰੀ ਅਵਗਿਆ। ਜਨ ਕੀ ਤੇ ਤੈ ਦੀਏ ਰੁੜ੍ਹਾਈ॥ 46
ਸਾ ਸੇਵਾ ਕੀਤੀ ਸਫਲ ਹੈ ਜਿਤੁ ਸਤਿਗੁਰ ਕਾ ਮਨੁ ਮੰਨੇ॥ 47
ਜੇ ਓਇ ਦਿਸਹਿ ਨਰਕਿ ਜਾਦੇ ਤਾਂ ਉਨਕਾ ਦਾਨੁ ਨ ਲੈਣਾ॥ 49
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ 50
ਸਿਧ ਸਾਧਿਕ ਗਿਆਨੀ ਧਿਆਨੀਆ ਕਉਣੁ ਤੁਧੁਨੋ ਤੋਲੈ॥ 53
ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ॥ 56

ਸੇਵਕ ਕਉ ਨਿਕਟੀ ਹੋਇ ਦਿਖਾਵੈ। 58
ਜਿਸ ਕਾ ਕਾਰਜ ਤਿਨ ਹੀ ਕੀਆ ਮਾਣਸੁ ਕਿਆ ਵੇਚਾਰਾ ਰਾਮ॥" 60
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ 62
ਅਪਨੇ ਸੇਵਕ ਕਉ ਆਪਿ ਸਹਾਈ 63
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥ 64
ਆਪੇ ਬੀਜਿ ਆਪੇ ਹੀ ਖਾਹੁ॥ 65
ਅਪਨੀ ਸੇਵਾ ਆਪਿ ਕਰਾਈ॥ 67
ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ॥ 69
ਦਿਤਾ ਲਈਏ ਆਪਣਾ ਅਣਦਿਤਾ ਕਿਛੁ ਹਥ ਨਾ ਆਵੈ॥ 72
ਜੇਵਡੁ ਆਪਿ ਤੇਵਡ ਤੇਰੀ ਦਾਤਿ॥ 73
ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਨ ਰਸਾਇਣ॥ 74
"ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ" 75
ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ 78
ਜਾਇ ਬਸਹੁ ਵਡਭਾਗਣੀ ਸਖੀਏ ਸੰਤਾ 79
ਅਨਤਾ ਧਨੁ ਤਰਣੀ ਤਰੈ ਅਨਤ ਨ ਚਾਹਿਆ ਜਾਇ॥ 81
ਸਤਿਗੁਰੁ ਵੇਪਰਵਾਹੁ ਸਿਰੰਦਾ॥ ਨ ਜਮਕਾਣਿ ਨ ਛੰਦਾ ਬੰਦਾ॥ 82
ਗੁਪਤੁ ਪ੍ਰਗਟੁ ਸਭ ਜਾਣੀਐ ਜੇ ਮਨੁ ਰਾਖੈ ਠਾਇ॥ 83
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਿਜ ਸੁਭਾਈ॥ 85
"ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ॥" 87
ਡੇਰਾ ਬਾਬਾ ਰੁੰਮੀ ਵਾਲਾ ਭੁੱਚੋਂ ਕਲਾਂ 89
ਸੰਤ ਬਾਬਾ ਸੁਖਦੇਵ ਸਿੰਘ ਜੀ 90

—

# ਗੁਰ ਸੰਤ ਸਭਾ ਦੁਖੁ ਮਿਟੈ ਰੋਗੁ

*(ਅੰਗ ੧੧੭੦)*

ਦੁਨਿਆਵੀਂ ਰਸਤੇ ਤੋਂ ਭੁਲਕੇ ਕਿਸੇ ਤੋਂ ਪੁੱਛ ਕੇ ਪਹੁੰਚਣਾ ਥੋੜਾ ਮੁਸ਼ਕਿਲ ਹੈ। ਪਰੰਤੂ ਸੁਰਤ ਦੇ ਭਟਕੇ ਹੋਏ ਨੂੰ ਆਪਣੀ ਮੰਜ਼ਿਲ ਉੱਤੇ ਤੋਰਨਾ ਫਿਰ ਸਿਰੇ ਲਾਉਣਾ ਕੰਮ ਬਹੁਤ ਹੀ ਮੁਸ਼ਕਿਲ ਹੈ। ਇਹ ਸਿਰਫ ਗੁਰੂ ਨਾਨਕ ਦੇ ਘਰ ਵਿੱਚ ਹੀ ਹੈ। ਹੁਣ ਪ੍ਰਸੰਗ ਮੁਲਤਾਨ ਦੇ ਪੀਰ ਦਾ ਪੜ੍ਹੋ। ਮੁਲਤਾਨ ਸ਼ਹਿਰ ਵਿੱਚ ਪੀਰ ਰਹਿੰਦਾ ਸੀ। ਜਿਸਦਾ ਨਾਮ ਮੁਹੰਮਦ ਦੀਨ ਸੀ। ਇਹ ਬੜਾ ਤਪੱਸਵੀ ਅਤੇ ਯੋਗਾ ਅਭਿਆਸ ਕਰਦਾ ਸੀ। ਇਸ ਦੇ ਸੁਆਸ ਦਸਮ ਦੁਆਰ ਨਹੀਂ ਪਹੁੰਚਦੇ ਸਨ। ਉਲਟੇ ਹੋ ਕੇ ਪੈਰ ਦੇ ਅੰਗੂਠੇ ਵੱਲ ਹੋ ਜਾਂਦੇ ਸਨ। ਜਿਸ ਕਰਕੇ ਇਸਨੂੰ ਤਕਲੀਫ ਹੋ ਗਈ ਅਤੇ ਕਈ ਤਰ੍ਹਾਂ ਦੇ ਰੋਗ ਹੋ ਗਏ ਸਨ। ਕਿਸੇ ਸਮੇਂ ਇਹ ਮੱਕੇ ਹੱਜ ਕਰਨ ਗਿਆ। ਉਥੇ ਇੱਕ ਹੋਰ ਪੀਰ ਮਿਲਿਆ ਜਿਹੜਾ ਕਿ ਬਗਦਾਦ ਤੋਂ ਹਾਜੀਆਂ ਨਾਲ ਹੱਜ ਕਰਨ ਗਿਆ ਸੀ। ਉਸ ਸਮੇਂ ਬਗਦਾਦ ਵਾਲੇ ਪੀਰ ਨੇ ਇਸ ਨੂੰ ਦੇਖਣ ਸਾਰ ਹੀ ਇਸ ਦੀ ਹਾਲਤ ਸਮਝ ਲਈ। ਫਿਰ ਪੁੱਛ ਵੀ ਲਿਆ। ਉਪਰੰਤ ਦੋਹਾਂ ਦੇ ਉੱਤਰ ਪ੍ਰਸ਼ਨ ਹੋਏ। ਫਿਰ ਮੁਹਮੰਦ ਦੀਨ ਨੇ ਆਪਣੀ ਸਾਰੀ ਹਾਲਤ ਦੱਸ ਕੇ ਬਗਦਾਦ ਵਾਲੇ ਕੋਲ ਬੇਨਤੀ ਕੀਤੀ "ਕੁਝ ਮੇਰੇ ਉਪਰ ਵੀ ਰਹਿਮਤ ਕਰੋ।" ਉੱਤਰ ਵਿੱਚ ਪੀਰ ਨੇ ਕਿਹਾ ਕਿ "ਤੁਮ ਯੋਗਾ ਅਭਿਆਸੀ ਹੋ ਔਰ ਰਸਤੇ ਸੇ ਭਟਕ ਗਏ ਹੋ। ਤੁਮੇ ਮੈਂ ਠੀਕ ਨਹੀਂ ਕਰ ਸਕਤਾ ਪਰ ਤੁਮਹੇ ਸਹੀ ਰਸਤੇ ਪਰ ਪਹੁੰਚਾ ਸਕਤਾ ਹੂੰ। ਮੈਂ ਤੁਮਹੇਂ ਉਸਕਾ ਪਤਾ ਬਤਾ ਦੇਤਾ ਹੂੰ। ਜਬ ਤੁਮ ਵਹਾਂ ਜਾਓਗੇ ਰੁਕਾ ਹੁਆ ਕਾਮ ਪੁਰਾ ਹੋ ਜਾਏਗਾ। ਉਪਰੰਤ ਬਗਦਾਦ ਵਾਲੇ ਪੀਰ ਨੇ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਨਾਮ ਲਿਆ, ਅਤੇ ਦੱਸਿਆ ਇਹ ਮਹਾਂਪੁਰਖ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਪਿੰਡ ਭੁੱਚੋ ਵਿੱਚ ਨਿਵਾਸ ਕਰਦੇ ਹਨ। ਤੂੰ ਉਥੇ ਪਹੁੰਚ ਨਾਲ ਹੀ ਦੱਸਿਆ ਕਿ ਹੁਣ ਸਮਾਂ ਗੁਰੂ ਨਾਨਕ ਪੀਰ ਜੀ ਦਾ ਹੈ। ਇਹ ਰਹਿਮਤਾਂ ਉਨ੍ਹਾਂ ਦੇ ਘਰੋਂ ਹੀ ਮਿਲਦੀਆਂ ਹਨ। ਉਪਰੰਤ ਪੀਰ ਮੁਹੰਮਦ ਦੀਨ ਮੱਕੇ ਤੋਂ ਵਾਪਸ

ਸਿੱਧਾ ਸ੍ਰੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਵੱਲ ਹੀ ਰਵਾਨਾ ਹੋ ਤੁਰਿਆ। ਇਸੇ ਸਮੇਂ ਸੰਤ ਬਹਾਲ ਦਾਸ ਜੀ ਬਾਬਾ ਜੀ ਪਾਸ ਦਰਸ਼ਨ ਕਰਨ ਆਏ ਹੋਏ ਸਨ। ਘਟ ਘਟ ਕੀ ਜਾਨਣਹਾਰ ਬਾਬਾ ਜੀ ਨੇ ਸੰਤ ਬਹਾਲ ਦਾਸ ਜੀ ਨੂੰ ਹੁਕਮ ਕੀਤਾ "ਇਕ ਪੀਰ ਸਾਡੇ ਕੋਲ ਆ ਰਿਹਾ ਹੈ। ਉਸਨੇ ਗੁਰਮੁਖ ਦੀ ਪਦਵੀ ਪ੍ਰਾਪਤ ਕਰਨੀ ਹੈ। ਬੜਾ ਤਪੱਸਵੀ ਹੈ ਤੁਸੀਂ ਉਸਦੇ ਦਰਸ਼ਨ ਕਰਕੇ ਜਾਣਾ। ਉਪਰੰਤ ਕੁਝ ਸਮੇਂ ਬਾਅਦ ਉਹ ਪੀਰ ਵੀ ਭੁੱਚੋਂ ਪਹੁੰਚ ਗਿਆ। ਪੀਰ ਨੇ ਹਜ਼ੂਰ ਦੇ ਚਰਨਾਂ ਵਿੱਚ ਸਿਜਦਾ ਕੀਤਾ। ਫਿਰ ਬਾਬਾ ਜੀ ਨੇ ਪੀਰ ਨੂੰ ਤੜਕੇ (ਸਵੇਰੇ) ਫਿਰ ਆਉਣ ਦਾ ਹੁਕਮ ਕੀਤਾ। ਹੁਕਮ ਅਨੁਸਾਰ ਪੀਰ ਤੜਕੇ ਚਾਰ ਵਜੇ ਹਾਜ਼ਰ ਹੋਇਆ। ਬਾਬਾ ਜੀ ਵਲੋਂ ਪੀਰ ਨੂੰ ਆਪਣਾ ਕਲਾਮ ਤੇਰਾਂ ਵਾਰ ਸੁਨਾਉਣ ਦਾ ਹੁਕਮ ਹੋਇਆ। ਹੁਕਮ ਅਨੁਸਾਰ ਉਸਨੇ ਤੇਰਾਂ ਦਫਾ ਕਲਾਮ ਸੁਣਾਇਆ। ਉਪਰੰਤ ਹਜ਼ੂਰ ਨੇ ਹੁਕਮ ਕੀਤਾ "ਸ਼ੁੱਧ ਹੈ। ਫਿਰ ਬਚਨ ਕੀਤਾ "ਤੈਨੂੰ ਕੁਝ ਸਮਾਂ ਇਥੇ ਰਹਿਣਾ ਪਵੇਗਾ ਅੱਜ ਤੋਂ ਤੇਰੇ ਸਵਾਸ ਗੁਪਤ ਅਸਥਾਨ ਵੱਲ ਜਾਣਗੇ। ਗੁਰਬਾਣੀ ਵਿੱਚ ਦੱਸਿਆ ਹੈ "ਨਉ ਦੁਆਰੇ ਪ੍ਰਗਟ ਕੀਏ ਦਸਵਾ ਗੁਪਤ ਰਖਾਇਆ"। "ਤੇਰੇ ਪ੍ਰਾਣ ਪੈਰਾਂ ਦੇ ਅੰਗੂਠੇ ਵੱਲ ਆਉਂਦੇ ਸਨ ਜਿਸ ਕਰਕੇ ਤੈਨੂੰ ਕਸ਼ਟ ਹੁੰਦਾ ਸੀ। ਹੁਣ ਚਾਲੀ ਦਿਨ ਸਾਡੇ ਕੋਲ ਨਹੀਂ ਆਉਣਾ। ਅੱਧਾ ਪ੍ਰਸ਼ਾਦਾ ਦੋ ਗਲਾਸ ਪਾਣੀ ਤੈਨੂੰ ਮਿਲਿਆ ਕਰੇਗਾ।" ਇੱਕ ਕਰੀਰ ਵੱਲ ਇਸ਼ਾਰਾ ਕਰਕੇ ਬਚਨ ਕੀਤਾ "ਤੂੰ ਇਸਦੇ ਹੇਠ ਬਿਰਾਜਣਾ ਹੈ। ਬਿਨਾਂ ਬੁਲਾਏ ਸਾਡੇ ਕੋਲ ਵੀ ਨਹੀਂ ਆਉਣਾ। ਇਹ ਤੇਰਾ ਚਾਲੀ ਦਿਨ ਦਾ ਮਹਾਂ ਬਰਤ ਹੈ। ਇਸ ਤਰ੍ਹਾਂ ਚਾਲੀ ਦਿਨ ਬਿਤਾਉਣ ਉਪਰੰਤ ਪੀਰ ਨੂੰ ਬੁਲਾਉਣ ਦਾ ਹੁਕਮ ਹੋਇਆ। ਉਪਰੰਤ ਪੀਰ ਨੇ ਹਾਜ਼ਰ ਹੋ ਕੇ ਸਿਜਦਾ ਕੀਤਾ ਤਾਂ ਬਚਨ ਕੀਤਾ।

**ਕਦਲੀ ਪੁਹਪ ਧੂਪ ਪਰਗਾਸ॥ ਰਜ ਪੰਕਜ ਮਹਿ ਲੀਓ ਨਿਵਾਸ**
**ਦੁਆਦਸ ਦਲ ਅਭ ਅੰਤਰਿ ਮੰਤਜਹ ਪਉੜੇ ਸ੍ਰੀ ਕਮਲਾ ਕੰਤ**

ਭੈਰਉ ਅਸ਼ਟਪਦੀ ਕਬੀਰ ਜੀ ਅੰਗ ੧੧੬੨

"ਪੀਰ, ਤੂੰ ਹੁਣ ਇਥੇ ਪਹੁੰਚ ਗਿਆ ਹੈ । ਤੇਰਾ ਕਾਰਜ ਰਾਸ ਹੋ ਗਿਆ ਹੈ।" ਪੀਰ ਨੇ ਬੇਨਤੀ ਕੀਤੀ ਗਰੀਬ ਨਿਵਾਜ਼, ਅਬ ਮਨ ਕੋ ਸ਼ਾਂਤੀ ਹੈ। ਬਾਬਾ ਜੀ ਨੇ ਬਚਨ ਕੀਤਾ "ਹੁਣ ਇਵੇਂ ਹੀ ਰਹੇਗੀ" ਉਪਰੰਤ ਬਾਬਾ ਜੀ ਵਲੋਂ ਸੰਤ ਬਹਾਲ ਦਾਸ ਜੀ ਨੂੰ ਹੁਕਮ ਹੋਇਆ "ਇਹ ਪੀਰ ਗੁਰਮੁਖ

ਹੈ ਇਸਦੇ ਦਰਸ਼ਨ ਕਰ ਲਵੋ।" ਫਿਰ ਪੀਰ ਜੀ ਨੂੰ ਛੇਵੇਂ ਪਾਤਸ਼ਾਹ ਦੇ ਅਸਥਾਨ ਉੱਤੇ ਜੋ ਕਿ ਗੁਜਰਾਤ ਵਿੱਚ ਸੀ, ਜਿਥੇ ਸੰਪੂਰਨ ਦਾਸ ਜੀ ਰਹਿੰਦੇ ਸਨ । ਉਥੇ ਜਾਣ ਦਾ ਹੁਕਮ ਹੋਇਆ। ਸੰਪੂਰਨ ਦਾਸ ਜੀ ਦਾ ਪ੍ਰਸੰਗ ਛੇਵਾਂ ਹਿੱਸੇ ਵਿੱਚ ਆ ਚੁੱਕਾ ਹੈ। ਫਿਰ ਪੀਰ ਜੀ ਨੂੰ ਹੁਕਮ ਹੋਇਆ "ਤੁਸੀਂ ਦੋਹਾਂ ਨੇ ਮਿਲਕੇ ਰਹਿਣਾ ਹੋਵੇਗਾ ਹਿੰਦੂ, ਸਿੱਖ ਦੇ ਝਗੜੇ ਵਿੱਚ ਨਹੀਂ ਪੈਣਾ। ਈਰਖਾ ਦੇ ਵੱਸ ਵਿੱਚ ਨਹੀਂ ਆਉਣਾ। ਤੂੰ ਆਪਣੀ ਕਲਾਮ ਦਾ ਉਪਦੇਸ਼ ਮੁਸਲਮਾਨਾਂ ਵਿੱਚ ਕਰਨਾ ਇਹ ਸਾਡਾ ਹੁਕਮ ਹੈ। ਸੇਵਾ ਕਰਨੀ ਕਰਵਾਉਣੀ। ਜਦੋਂ ਪੀਰ ਨੇ ਬਾਬਾ ਜੀ ਨੂੰ ਦਰਸ਼ਨ ਵਾਸਤੇ ਬੇਨਤੀ ਕੀਤੀ ਤਾਂ, ਤੈਨੂੰ ਮੁਹੰਮਦ ਸਾਹਿਬ ਦੇ ਦਰਸ਼ਨ ਹੋਇਆ ਕਰਨਗੇ। ਉਹੋ ਵੀ ਸਾਡੇ ਸਮਝ ਲਵੀਂ।

ਇਹ ਬਚਨ ਸੰਤ ਸ੍ਰੀ ਰਾਮ ਸਿੰਘ ਜੀ ਮਲੂਕਾ ਵਾਲਿਆਂ ਤੋਂ ਮਿਲਿਆ।

**ਜਨਮ ਮਰਨ ਕਟ ਨਦਰਿ ਕਰ ਨਦਰੀ ਨਦਰਿ ਨਿਹਾਲ।**
**ਸਭ ਕੁਛ ਤੇਰੇ ਹੱਥ ਹੈ ਬਖਸ਼ਸ਼ ਕਰੋ ਕਿਰਪਾਲ**
**ਬਖਸ਼ਸ਼ ਕਰੋ ਕਿਰਪਾਲ ਮੇਹਰ ਦੇ ਘਰ ਵਿਚ ਆ ਕੇ**
**ਰਿਹਾ ਨਾ ਖਾਲੀ ਕੋਇ ਤੇਰੇ ਦਰ ਤੇ ਆ ਕੇ।**
**ਕਹੇ ਕਵੀ ਜਨ ਦਾਸ ਤੂੰ ਸਮ੍ਰੱਥ ਕਾਰਨ ਕਰਨ**
**ਨਦਰੀ ਨਦਰ ਨਿਹਾਲ ਕਰੋ, ਦੁਖ ਕਾਟੋ ਪ੍ਰਭ ਜਨਮ ਮਰਨ।**
**ਪਤਿਤ ਪਾਵਨੁ ਹਰਿ ਬਿਰਦੁ ਸਦਾਏ ਇਕੁ ਤਿਲੁ ਨਹੀ ਭੰਨੈ ਘਾਲੇ।**

*(ਅੰਗ ੭੮੫)*

ਕਿਸਾਨ ਬੀਜ ਤਾਂ ਹਿਸਾਬ ਨਾਲ ਪਾਉਂਦਾ ਹੈ, ਪਰੰਤੂ ਉਸ ਬੀਜ ਦਾ ਫਲ ਉਸ ਤੋਂ ਕਈ ਗੁਣਾਂ ਵੱਧ ਹੁੰਦਾ ਹੈ "ਨਾਉ ਨਾਨਕ ਬਖਸ਼ਿਸ਼ ਬੋਹਲ "ਗੁਰਵਾਕ ਹੈ ਬੰਦਾ ਇੱਕ ਵਾਰ ਸਿਮਰਦਾ ਹੈ, ਉਸਦਾ ਫਲ ਬਖਸ਼ਿਸ਼ ਦੇ ਰੂਪ ਵਿੱਚ ਕਈ ਗੁਣਾਂ ਵੱਧ ਹੁੰਦਾ ਹੈ। ਪਰੰਤੂ ਗੁਰ ਸਿੱਖ ਸਿਮਰਨ ਕਰਦਾ ਰਹੇ, ਕੋਈ ਸਮਾਂ ਬਖਸ਼ਿਸ਼ ਦਾ ਕਦੇ ਆ ਹੀ ਜਾਂਦਾ ਹੈ। ਇੱਕ ਸਮੇਂ ਬਾਬਾ ਜੀ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ ਕਿ "ਭੁਟਾਨ ਦਾ ਰਾਜਾ ਸਾਡੇ ਦਰਸ਼ਨ ਕਰਨ ਆ ਰਿਹਾ ਹੈ। ਜਿਸ ਵਕਤ ਉਹ ਆਵੇ ਉਸਨੂੰ ਸ਼ੌਕੀਨ ਘਰ ਵਿੱਚ ਛੱਡ ਕੇ ਬਾਹਰ ਆ ਜਾਵੀ ਅਗਲਾ ਕੰਮ ਅਸੀਂ ਕਰਾਂਗੇ"। ਬਚਨ ਤੋਂ ਉਪਰੰਤ ਜਿਸ ਸਮੇਂ ਭੁਟਾਨ ਵਾਲਾ ਰਾਜਾ ਆਇਆ ਹੁਕਮ ਅਨੁਸਾਰ ਨੀਲਾ

ਸਿੰਘ ਉਸਨੂੰ ਸ਼ੋਕੀਨ ਘਰ ਵਿੱਚ ਛੱਡ ਆਇਆ ਫਿਰ ਨੀਲਾ ਸਿੰਘ ਪਹਿਰੇ ਉਪਰ ਚਲਾ ਗਿਆ ਉਪਰੰਤ ਬਾਬਾ ਜੀ ਸ਼ੌਕੀਨ ਘਰ ਵਿੱਚ ਗਏ। ਜਾਣ ਸਾਰ ਹੀ ਭੂਟਾਨ ਵਾਲੇ ਰਾਜੇ ਨੂੰ ਹੁਕਮ ਕੀਤਾ "ਆਪਣੇ ਇਸ਼ਟ ਨੂੰ ਯਾਦ ਕਰੋ"। ਨਾਲ ਹੀ ਮੇਹਰ ਨਾਲ ਤੱਕਿਆ। ਉਪਰੰਤ ਰਾਜਾ ਕੀ ਵੇਖਦਾ ਹੈ ਕਿ ਦਰਬਾਰ ਲੱਗਿਆ ਹੈ। ਇੱਕ ਦਿਬ ਪੁਰਖ ਕੁਰਸੀ ਤੇ ਬੈਠਾ ਹੈ। ਉਸਨੂੰ ਬਾਬਾ ਜੀ ਨੇ ਇਸ਼ਾਰਾ ਕਰਕੇ ਹੁਕਮ ਕੀਤਾ "ਇਸਦਾ ਹਿਸਾਬ ਕਿਤਾਬ ਦੇਖੋ"। ਉਸਨੇ ਦੱਸਿਆ ਕਿ ਇਸ ਨੇ ਤਰਵੰਜਾ ਸਾਲ ਤਪ ਕੀਤਾ ਹੈ, ਅਤੇ ਚਾਲੀ ਸਾਲ ਇਸ ਦੇ ਕੱਟੇ ਗਏ ਹਨ, ਤੇਰਾਂ ਸਾਲ ਬਾਕੀ ਹਨ ਉਪਰੰਤ ਹਜ਼ੂਰ ਨੇ ਬਚਨ ਕੀਤਾ "ਤੇਰੀ ਤੇਰਾਂ ਸਾਲਾਂ ਦੀ ਤਪੱਸਿਆ ਨਾਲ ਤਾਂ ਤੈਨੂੰ ਬਠਿੰਡਾ ਸ਼ਹਿਰ ਅਤੇ ਅਸਾਡਾ ਪਤਾ ਨਹੀਂ ਲੱਗਿਆ। ਫਿਰ ਤੈਨੂੰ ਦੱਸਣ ਲਈ ਸਾਨੂੰ ਗੁਪਤ ਰੂਪ ਵਿੱਚ ਅਵਾਜ਼ ਦੇਣੀ ਪਈ। ਜਿਹੜੀ ਚੀਜ਼ ਚਾਹੁੰਦਾ ਹੈ, ਉਸ ਲਈ ਤੈਨੂੰ ਬੜੀ ਭਾਰੀ ਤਪੱਸਿਆ ਕਰਨੀ ਪਵੇਗੀ।" ਅੰਤ ਨੂੰ ਰਾਜੇ ਨੇ ਬੇਨਤੀ ਕੀਤੀ ਕਿ ਮਹਾਰਾਜ ਕਿਰਪਾ ਕਰਕੇ ਮੈਨੂੰ ਆਪਣੇ ਮੱਟ ਵਿਚੋਂ ਅੰਮ੍ਰਿਤ ਜਲ ਬਖਸ਼ੋ। ਜਾਂ ਮੱਕੇ ਦਾ ਹੱਜ ਕਰਾਉ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਅਜੇ ਤੇਰੀ ਤਪੱਸਿਆਂ ਪੂਰੀ ਨਹੀਂ ਹੋਈ ਅਤੇ ਮੱਟ ਵਾਲਾ ਅੰਮ੍ਰਿਤ ਵੀ ਤੈਨੂੰ ਨਹੀਂ ਮਿਲ ਸਕਦਾ।" ਰਾਜੇ ਨੇ ਫਿਰ ਬੇਨਤੀ ਕੀਤੀ ਕਿ ਮੱਕੇ ਦਾ ਹੱਜ ਨਹੀਂ ਕਰਵਾਉਣਾ ਤਾਂ ਨਾ ਸਹੀ, ਪਰ ਅੰਮ੍ਰਿਤ ਜਲ ਜ਼ਰੂਰ ਬਖਸ਼ੋ ਉਪਰੰਤ ਬਾਬਾ ਜੀ ਨੇ ਨੀਲਾ ਸਿੰਘ ਨੂੰ ਹੁਕਮ ਕੀਤਾ ਕਿ "ਇਹ ਰੂੰ ਦਾ ਫੰਬਾ ਜਲ ਨਾਲ ਭਿਉਂ ਕੇ ਦੋ ਬੂੰਦਾਂ ਇਸਦੇ ਮੂੰਹ ਵਿੱਚ ਪਾਓ, ਵੱਧ ਨਹੀਂ ਪਾਉਣਾ"। ਰਾਜੇ ਨੂੰ ਹੁਕਮ ਹੋਇਆ ਕਿ ਆਪਣਾ ਮੂੰਹ ਖੋਲ ਬਾਬਾ ਜੀ ਨੇ ਆਪਣੇ ਹੱਥ ਨਾਲ ਦੋ ਬੂੰਦਾਂ ਉਸਦੇ ਮੂੰਹ ਵਿੱਚ ਨਿਚੋੜੀਆਂ, ਮੂੰਹ ਵਿੱਚ ਬੂੰਦਾਂ ਪੈਣ ਸਾਰ ਹੀ ਰਾਜਾ ਪਿਛੇ ਜਾ ਪਿਆ। ਨੀਲਾ ਸਿੰਘ ਜੋ ਉਥੇ ਹੁਕਮ ਅਨੁਸਾਰ ਮੌਜੂਦ ਸੀ ਵੇਖ ਕੇ ਕਹਿਣ ਲੱਗਾ "ਮਹਾਰਾਜ, ਇਥੇ ਗਰਮੀ ਬੜੀ ਹੈ ਕਿਤੇ ਮਰ ਹੀ ਨਾ ਜਾਵੇ"। ਬਾਬਾ ਜੀ ਨੇ ਹੁਕਮ ਕੀਤਾ "ਇਸਨੂੰ ਕੁਝ ਨਹੀਂ ਹੁੰਦਾ ਪਿਆ ਰਹਿਣ ਦਿਓ।" ਜਾ ਕਉ ਆਇਓ ਏਕੁ ਰਸਾ॥ ਖਾਨ ਪਾਨ ਆਨ ਨਹੀਂ ਖੁਧਿਆ ਤਾ ਕੈ ਚਿਤ ਨ ਬਸਾ॥"

ਦਸ ਦਿਨ ਇਸ ਤਰ੍ਹਾਂ ਬੀਤੇ। ਦਸ ਦਿਨਾਂ ਬਾਅਦ ਬਾਬਾ ਜੀ ਨੇ ਹੁਕਮ ਕੀਤਾ "ਦੇਸੀ ਕੱਦੂ ਅਤੇ ਘਿਉ ਲੈ ਆਓ। ਦੇਸੀ ਕੱਦੂ ਬਠਿੰਡੇ ਤੋਂ ਨਹੀਂ ਮਿਲੇ, ਪਟਿਆਲੇ ਤੋਂ ਲੈ ਕੇ ਆਏ। ਸਿਰ ਵਿੱਚ ਘਿਉ ਦੀ ਮਾਲਿਸ਼ ਅਤੇ ਪੈਰਾਂ ਵਿੱਚ ਦੇਸੀ ਕੱਦੂ ਦੀ ਮਾਲਿਸ਼ ਅੱਠ ਪਹਿਰ ਲਗਾਤਾਰ ਕੀਤੀ। ਉਸਦੇ ਅੱਖਾਂ ਖੋਲਣ ਬਾਅਦ ਬਾਬਾ ਜੀ ਨੇ ਪੁੱਛਿਆ "ਕਿਉ ਰਾਜਾ ਕੀ ਵੇਖਿਆ ?" ਉਸਨੇ ਬੇਨਤੀ ਕੀਤੀ ਗਰੀਬ ਨਿਵਾਜ਼ ਜੋ ਤੁਸੀਂ ਵਿਖਾਇਆ ਤਿੰਨ ਲੋਕ ਦੇ ਦਰਸ਼ਨ ਹੋ ਗਏ ਹਨ। ਉਪਰੰਤ ਬਾਬਾ ਜੀ ਨੇ ਹੁਕਮ ਕੀਤਾ "ਈਦ ਵਾਲੇ ਦਿਨ ਤੂੰ ਮੱਕਾ ਵੀ ਵੇਖ ਲਿਆ ਕਰੀਂ। ਹੁਣ ਪਿਛੇ ਪਹੁੰਚ। ਉਥੇ ਜਾ ਕੇ ਭਜਨ ਕਰਨਾ ਹੈ। ਤਾਂ ਹੀ ਇਹ ਚੀਜ਼ ਤੇਰੇ ਕੋਲ ਰਹੇਗੀ।" ਗੁਰਵਾਕ ਹੈ।

**ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹੁ**
**ਛੋਡਿ ਪ੍ਰਪੰਚੁ ਪ੍ਰਭ ਸਿਉ ਰਚਹੁ ਤਜਿ ਕੂੜੇ ਨੇਹੁ॥**

(ਬਿਲਾਵਲੁ ਮ. ੫ ਅੰਗ ੮੧੨)

(ਸੰਤ ਸ੍ਰੀ ਰਾਮ ਸਿੰਘ ਜੀ ਨੇ ਇਹ ਬਚਨ ਸੰਗਤ ਵਿੱਚ ਸੁਣਾਇਆ।)

# ਕਉਣ ਜਾਣੈ ਚਲਤ ਤੇਰੇ ਅੰਧਿਆਰੇ ਮਹਿ ਦੀਪ

*(ਅੰਗ ੭੨੪)*

ਸ. ਭਾਗ ਸਿੰਘ ਜੱਸੀ ਪੌ ਵਾਲਾ ਬਾਬਾ ਜੀ ਦਾ ਪੁਰਾਣਾ ਸੇਵਾਦਾਰ ਸੀ ਜਿਸਦੇ ਇੱਕ ਦੋ ਪ੍ਰਸੰਗ ਪਿੱਛੇ ਵੀ ਆ ਚੁੱਕੇ ਹਨ। ਭਾਗ ਸਿੰਘ ਇੱਕ ਵਾਰ ਬਾਬਾ ਜੀ ਦੇ ਦਰਸ਼ਨ ਕਰਨ ਆਇਆ। ਜਿਸ ਵੇਲੇ ਉਸਨੇ ਨਮਸਕਾਰ ਕਰਕੇ ਆਪਣੀ ਬੇਨਤੀ ਕਰਨ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਹੁਕਮ ਦਿੱਤਾ, ਭਾਗ ਸਿੰਘ ਅਕਾਲ ਤਖਤ ਉੱਤੇ ਪਹੁੰਚ ਅਤੇ ਅੰਮ੍ਰਿਤ ਛੱਕ ਕੇ ਸਾਡੇ ਕੋਲ ਆ ਕੇ ਫਿਰ ਆਪਣਾ ਪ੍ਰਸ਼ਨ ਕਰੀਂ। ਹੁਕਮ ਅਨੁਸਾਰ ਸ੍ਰ. ਭਾਗ ਸਿੰਘ ਭੁੱਚੋਂ ਤੋਂ ਸਿੱਧਾ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚ ਕੇ ਅੰਮ੍ਰਿਤਪਾਨ ਕਰਕੇ ਉਪਰੰਤ ਬਾਬਾ ਜੀ ਦੀ ਹਜ਼ੂਰੀ ਵਿੱਚ ਭੁੱਚੋਂ

ਹਾਜ਼ਰ ਹੋਇਆ। ਉਸ ਵਕਤ ਭਾਗ ਸਿੰਘ ਦੇ ਗਾਤਰੇ ਕ੍ਰਿਪਾਨ ਪਾਈ ਹੋਈ ਸੀ ਅਤੇ ਗਾਤਰਾਂ ਕੱਪੜੇ ਦੀ ਥਾਂ ਚਮੜੇ ਦਾ ਸੀ। ਪਹਿਰੇਦਾਰ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੱਸੀ ਪੌਂ ਵਾਲੀ ਵਾਲਾ ਭਾਗ ਸਿੰਘ ਅੰਮ੍ਰਿਤਸਰ ਤੋਂ ਆਇਆ ਹੈ। ਉਸਦੇ ਗਾਤਰੇ ਕ੍ਰਿਪਾਨ ਪਾਈ ਹੋਈ ਹੈ। ਅਤੇ ਗਾਤਰਾ ਚੰਮ ਦਾ ਹੈ। ਹਜ਼ੂਰ ਨੇ ਉੱਤਰ ਦਿੱਤਾ “ਉਹ ਸਾਡਾ ਹੁਕਮ ਮੰਨਕੇ ਆਇਆ ਹੈ ਉਸਨੂੰ ਆਉਣ ਦਿਓ। ਉਪਰੰਤ ਭਾਗ ਸਿੰਘ ਚਰਨਾਂ ਵਿੱਚ ਹਾਜ਼ਰ ਹੋਇਆ। ਬਾਬਾ ਜੀ ਨੇ ਸਾਰਾ ਬ੍ਰਿਤਾਂਤ ਪੁੱਛਿਆ। “ਸੁਣਾ ਭਾਗ ਸਿੰਘ ਫਿਰ ਕਿਵੇਂ ਬੀਤੀ ਉਥੇ।” ਭਾਗ ਸਿੰਘ ਨੇ ਸਾਰੀ ਬੀਤੀ ਸੁਣਾ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਉਥੇ ਮਸਤੂਆਣੇ ਵਾਲਿਆਂ ਦਾ ਦੀਵਾਨ ਲੱਗਾ ਹੋਇਆ ਸੀ। ਮੈਂ ਤੁਹਾਡੇ ਹੁਕਮ ਅਨੁਸਾਰ ਅੰਮ੍ਰਿਤ ਛਕਣ ਤੋਂ ਬਾਅਦ ਦੀਵਾਨ ਵਿੱਚ ਪਹੁੰਚਿਆ। ਕੀਰਤਨ ਸੁਣਿਆ ਚਿੱਤ ਬੜਾ ਖ਼ੁਸ਼ ਹੋਇਆ। ਬਾਬਾ ਜੀ ਨੇ ਬਚਨ ਕੀਤਾ ਭਾਗ ਸਿੰਘ, ਸਾਡੇ ਕੋਲ ਰਿਖੀ ਜੀ ਹਨ ਕਲੇਰਾਂ ਵਾਲੇ ਉਥੇ ਵੀ ਕੀਰਤਨ ਹੁੰਦਾ ਹੈ। ਭਾਗ ਸਿੰਘ ਨੂੰ ਹੁਕਮ ਹੋਇਆ “ਹੁਣ ਤੂੰ ਪਹਿਲਾਂ ਵਾਲਾ ਆਪਣਾ ਪ੍ਰਸ਼ਨ ਦੱਸ ਕਿ ਸਾਡੇ ਕੋਲ ਕਿਵੇਂ ਆਇਆ ਸੀ।” ਤਾਂ ਭਾਗ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਜੇ ਤੁਸੀਂ ਆਗਿਆ ਬਖਸ਼ੋ ਤਾਂ ਮੈਂ ਆਪਣੇ ਮੁੰਡੇ ਨੂੰ ਮਿਕਰਣ ਵਿੱਚ ਘੱਲ ਦਿਆਂ। ਬਾਬਾ ਜੀ ਨੇ ਬਚਨ ਕੀਤਾ ਕਿ “ਤੇਰੀ ਤੇ ਤੇਰੇ ਮੁੰਡੇ ਦੀ ਇਥੇ ਹੀ ਮਿਕਰਣ ਬਣਾ ਦਿਆਂਗੇ। ਤੂੰ ਜੱਸੀ ਤੋਂ ਬਠਿੰਡੇ ਆ ਜਾਵੀਂ ਸਭ ਕੁਝ ਹੋ ਜਾਵੇਗਾ। ਪਰ ਬਣੇਗਾ ਸਭ ਕੁਝ ਸਾਥੋਂ ਬਾਅਦ। ਪਰ ਤੂੰ ਵੇਖ ਲਵੀਂ।” ਉਪਰੰਤ ਭਾਗ ਸਿੰਘ ਨੂੰ ਘਰ ਜਾਣ ਦਾ ਹੁਕਮ ਕੀਤਾ ਉਪਰੰਤ ਭਾਗ ਸਿੰਘ ਨੂੰ ਖ਼ੁਸ਼ੀ ਦੇ ਕੇ ਤੋਰ ਦਿੱਤਾ। ਅੱਗੇ ਭਾਗ ਸਿੰਘ ਬਾਬਾ ਜੀ ਦੇ ਹੁਕਮ ਅਨੁਸਾਰ ਸੰਤ ਬਹਾਲ ਦਾਸ ਜੀ ਪਾਸ ਜੱਸੀ ਪੌਂ ਵਾਲੀ ਪਹੁੰਚਿਆ। ਪਤਾ ਨਹੀਂ ਇਸ ਵਿੱਚ ਕੀ ਭੇਤ ਸੀ। ਸੰਤ ਬਹਾਲ ਦਾਸ ਜੀ ਨੇ ਜਿਉਂ ਹੀ ਭਾਗ ਸਿੰਘ ਨੂੰ ਵੇਖਿਆ ਅਤੇ ਕਰੋਧ ਵਿੱਚ ਆ ਕੇ ਬਚਨ ਕੀਤਾ “ਨਿਕਲ ਜਾ ਚਮਿਆਰਾ ਇਥੋਂ”। ਉਪਰੰਤ ਭਾਗ ਸਿੰਘ ਇਥੋਂ ਘਰ ਚੱਲਿਆ ਗਿਆ। ਰੋਜ਼ ਨੇ ਨਿਯਮ ਅਨੁਸਾਰ ਜਦੋਂ ਸੰਤ ਬਹਾਲਦਾਸ ਜੀ ਦੇ ਸੇਵਕ ਉਨ੍ਹਾਂ ਦੇ ਅਸਥਾਨ ਤੋਂ ਦੁੱਧ ਲੈ ਕੇ ਚੱਲਣ ਲੱਗੇ ਤਾਂ ਇੱਕ ਗੈਬੀ ਅਵਾਜ਼ ਬੜੀ ਕੜਕਵੀਂ ਸਣਾਈ ਦਿੱਤੀ “ਅਸੀਂ ਤੁਹਡਾ ਦੁੱਧ ਨਹੀਂ ਪੀਣਾ। ਸੇਵਕਾਂ

ਨੇ ਉਥੋਂ ਹੀ ਪੈਰ ਪਿੱਛੇ ਮੋੜ ਲਿਆ ਅਤੇ ਸੰਤ ਬਹਾਲ ਦਾਸ ਜੀ ਨੂੰ ਜਾ ਸਾਰੀ ਗੱਲ ਦੱਸੀ ਕਿ ਮਹਾਰਾਜ ਇਸ ਤਰ੍ਹਾਂ ਦੀ ਸਾਨੂੰ ਅਵਾਜ਼ ਸੁਣਾਈ ਦਿੱਤੀ ਹੈ। ਉਸਤੋਂ ਬਾਅਦ ਸਾਡਾ ਅੱਗੇ ਜਾਣ ਦਾ ਹੌਂਸਲਾ ਨਹੀਂ ਪਿਆ। ਸੁਣ ਕੇ ਸੰਤ ਬਹਾਲ ਜੀ ਵੀ ਸਮਝ ਗਏ। ਅਨਜਾਣ ਪੁਣੇ ਕੋਈ ਅਵੱਗਿਆ ਹੋਈ ਹੈ। ਚੱਲ ਕੇ ਆਪ ਬਖਸ਼ਾਈਏ। ਤੁਰਨ ਸਮੇਂ ਹੱਥ ਜੋੜ ਲਏ। ਮੂਹਰੇ ਹੋ ਕੇ ਤੁਰ ਪਏ। ਢਾਈ ਤਿੰਨ ਕਦਮਾਂ ਤੁਰਨਾ ਅਤੇ ਫਿਰ ਲੰਮੇ ਪੈਕੇ ਡੰਡੋਤ ਕਰਨੀ ਤੇ ਚੱਲ ਪੈਣਾ। ਜੱਸੀ ਤੋਂ ਲੈ ਕੇ ਬਾਬਾ ਜੀ ਦੇ ਅਸਥਾਨ ਤੱਕ ਸਾਰਾ ਰਸਤਾ ਇਸੇ ਤਰ੍ਹਾਂ ਹੀ ਪੂਰਾ ਕੀਤਾ। ਜਿਵੇਂ ਕਿਸੇ ਨੇ ਕਿਹਾ ਹੈ।

**ਪਰ ਵਾਹ ਪ੍ਰੇਮੀ ਰਹਿਮਤ ਤੈਨੂੰ, ਤੂੰ ਸੀ ਤੱਕ ਨਾ ਕੀਤੀ।**
**ਆਪਣੀ ਭੁੱਲ ਆਪ ਬਖਸ਼ਾਈ ਜੋ ਬੀਤੀ ਸੋ ਬੀਤੀ।**

ਖੈਰ ਜਿਸ ਵਕਤ ਸੰਤ ਬਹਾਲ ਦਾਸ ਜੀ ਪਹਿਰੇਦਾਰ ਰਾਹੀਂ ਆਗਿਆ ਲੈ ਕੇ ਬਾਬਾ ਜੀ ਦੇ ਸਾਹਮਣੇ ਪੇਸ਼ ਹੋਏ ਤਾਂ ਬਾਬਾ ਜੀ ਨੇ ਕੜਕਵੀਂ ਅਵਾਜ਼ 'ਚ ਬਚਨ ਕੀਤਾ "ਚੰਗਾ ਹੋਇਆ ਤੂੰ ਆ ਗਿਆ ਹੈਂ। ਜੇ ਨਾਂ ਆਉਂਦਾ ਤਾਂ ਅੱਜ ਤੈਨੂੰ ਨੰਗ ਕਰ ਦੇਣਾ ਸੀ। ਤੈਨੂੰ ਉਥੇ ਇਸ ਵਾਸਤੇ ਤਾਂ ਨਹੀਂ ਬਿਠਾਇਆ ਕਿ ਤੂੰ ਲੋਕਾਂ ਨੂੰ ਚੰਗੇ ਮਾੜੇ ਪਰਖੇਂ। ਉਹ ਭਾਗ ਸਿੰਘ ਸਾਡਾ ਸੇਵਕ ਸਾਡੇ ਹੁਕਮ ਨਾਲ ਤੇਰੇ ਕੋਲ ਗਿਆ ਸੀ। ਤੂੰ ਉਸਨੂੰ ਕੀ ਬੋਲਿਆ ਹੈ ਅੱਗੋਂ, "ਸੰਤ ਬਹਾਲ ਸਿੰਘ ਜੀ ਨੇ ਚਰਨਾਂ ਤੇ ਮੱਥਾ ਟੇਕ ਕੇ ਵੈਰਾਗ ਵਿੱਚ ਨੇਤਰ ਭਰ ਲਏ ਤੇ ਬੇਨਤੀ ਕੀਤੀ ਗਰੀਬ ਨਿਵਾਜ ਜਿਵੇਂ ਵੀ ਜਾਣਦੇ ਹੋ ਬਖਸ਼ ਲਉ ਉਪਰੰਤ ਬਾਬਾ ਜੀ ਨੇ ਹੁਕਮ ਕਰਕੇ ਸੇਵਕਾਂ ਤੋਂ ਦੁੱਧ ਲੈ ਲਿਆ ਅਤੇ ਸੰਤ ਬਹਾਲ ਦਾਸ ਜੀ ਨੂੰ ਧੀਰਜ ਦੇ ਕੇ ਤੋਰ ਦਿੱਤਾ।

**ਪ੍ਰੇਮਾ ਭਗਤੀ ਦੇ ਰਸਤੇ ਅੰਦਰ ਉੱਚਾ ਬੋਲਣ ਮੰਦਾ।**
**ਸਾਹਿਬ ਸਾਹਿਬ ਰਹੇ ਹਮੇਸ਼ਾਂ ਬੰਦਾ ਓੜਕ ਬੰਦਾ।**

ਇਹ ਬਚਨ ਭਾਗ ਸਿੰਘ ਦੇ ਪੁੱਤਰ ਮੰਗਲ ਸਿੰਘ ਚੱਕੀ ਵਾਲੇ ਤੋਂ ਮਿਲਿਆ।

# ਗੁਨਹ ਉਸ ਕੇ ਸਗਲ ਆਫੂ
# ਤੇਰੇ ਜਨ ਦੇਖਹਿ ਦੀਦਾਰ ।

*(ਅੰਗ ੭੨੪)*

ਇਕ ਮਾਈ ਇਸ ਨਗਰ ਦੀ ਰਹਿਣ ਵਾਲੀ ਸੀ ਜਿਸ ਦਾ ਪ੍ਰਸਿੱਧ ਨਾਮ ਗੰਗੀ ਸੀ। ਨਿਯਮ ਅਨੁਸਾਰ ਹਰ ਰੋਜ਼ ਬਾਬਾ ਜੀ ਦੇ ਟਿੱਲੇ ਉਪਰ ਝਾੜੂ ਕਰਦੀ ਹੁੰਦੀ ਸੀ। ਕਿਸੇ ਸਮੇਂ ਇਸ ਮਾਈ ਦਾ ਪੁੱਤਰ ਸਖਤ ਬੀਮਾਰ ਹੋ ਗਿਆ ਸੀ। ਬਾਬਾ ਜੀ ਦੀ ਕ੍ਰਿਪਾ ਅਨੁਸਾਰ ਉਸ ਨੇ ਦੇਹ ਅਰੋਗਤਾ ਪ੍ਰਾਪਤ ਕੀਤੀ ਸੀ। (ਇਹ ਪ੍ਰਸੰਗ ਪਿਛੇ ਪੰਜਵੇ-ਛੇਵੇਂ ਹਿੱਸੇ ਵਿੱਚ ਆ ਚੁੱਕਾ) ਹੈ। ਨਿਯਮ ਅਨੁਸਾਰ ਮਾਈ ਟਿੱਲੇ ਉੱਪਰ ਸੇਵਾ ਕਰ ਰਹੀ ਸੀ। ਮਾਈ ਦੇ ਕਦੇ ਕਦੇ ਅੱਖਾਂ ਵਿਚੋਂ ਅੱਥਰੂ ਵਗ ਜਾਇਆ ਕਰਨ। ਮਾਈ ਨੇ ਅੱਖਾਂ ਨੂੰ ਕੱਪੜੇ ਨਾਲ ਸਾਫ ਕਰ ਲੈਣਾ ਤੇ ਹਰ ਵਾਰ ਬਾਬਾ ਜੀ ਤੋਂ ਬਚਾ ਕੇ ਸੇਵਾ ਕਰਦੀ ਰਹੀ ਕੀ ਬਾਬਾ ਜੀ ਵੇਖ ਨਾ ਲੈਣ। ਕਈ ਵਾਰ ਮਾਈ ਆਪਣੇ ਸਿਰ ਵਾਲੇ ਕੱਪੜੇ ਨਾਲ ਅੱਖਾਂ ਨੂੰ ਸਾਫ ਕਰਦੀ ਰਹੀ। ਜਿਵੇਂ ਬਾਣੀ ਵਿੱਚ ਆਖਿਆ।

**ਬਿਨੁ ਬਕਨੇ ਬਿਨੁ ਕਹਨੁ ਕਹਾਵਨੁ ਅੰਤਰਜਾਮੀ ਜਾਨੈ**

*(ਅੰਗ ੧੨੨੮)*

ਦੇ ਬਚਨ ਅਨੁਸਾਰ ਬਾਬਾ ਜੀ ਨੇ ਗੰਗਾ ਮਾਈ ਨੂੰ ਪੁੱਛਿਆ "ਕਿਉ ਮਾਈ ਅੱਖਾਂ ਵਿੱਚ ਪਾਣੀ ਕਿਉਂ ਆਇਆ? ਤੈਨੂੰ ਕੋਈ ਦੁੱਖ ਤਕਲੀਫ ਹੈ ਤਾਂ ਦੱਸ ਦੇ," ਸੁਣ ਕੇ ਮਾਈ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਆਪ ਸਭ ਕੁਝ ਜਾਣਦੇ ਹੋ ਮੈਂ ਕੀ ਦੱਸਾਂ?

ਜਦੋਂ ਮੈਂ ਆਪਣੇ ਪਿਛਲੇ ਵਕਤ ਤੇ ਝਾਤ ਮਾਰਦੀ ਹਾਂ ਤਾਂ ਮੇਰਾ ਮਨ ਭਰ ਆਉਂਦਾ ਹੈ। ਤਾਂ ਬਾਬਾ ਜੀ ਨੇ ਮੁਸਕਰਾ ਕੇ ਆਖਿਆ ਕਿ ਜਿਹੜੀ ਗੱਲ ਤੋਂ ਮਨ ਡਰਦਾ "ਉਹ ਦਸ ਦੇ" ਤਾਂ ਮਾਈ ਚੁੱਪ ਵੱਟ ਗਈ। ਦੂਜੀ ਵਾਰ ਫਿਰ ਬਚਨ ਕੀਤਾ ਕਿ "ਮਾਈ ਅੱਜੇ ਵਕਤ ਹੈ ਗੱਲ ਛੁਪਾ

ਨਾ" ਤਾਂ ਮਾਈ ਸਿਰਫ ਐਨਾ ਹੀ ਬੋਲਾ ਸਕੀ ਜੇ ਤੁਸੀਂ ਨਾ ਜਾਣਦੇ ਹੋ ਤਾਂ ਮੈਂ ਦੱਸਾਂ। ਦੱਸਦੀ ਨੂੰ ਸ਼ਰਮ ਜਿਹੀ ਆਉਂਦੀ ਹੈ। ਬਾਬਾ ਜੀ ਨੇ ਬਚਨ ਕੀਤਾ "ਕਿ ਜੇ ਬਖਸ਼ਾਉਣੇ ਹਨ ਤਾਂ ਇਕੱਲੇ ਇਕੱਲੇ ਕਰ ਦੇ ਦੱਸ ਦੇ। ਤਾਂ ਫਿਰ ਆਪੇ ਹੀ ਬਾਬਾ ਜੀ ਨੇ ਬਚਨ ਕੀਤਾ ਜੇ ਤੂੰ ਮੂੰਹੋ ਨਹੀਂ ਬੋਲਣਾ ਤਾਂ ਇਕੱਲੇ-ਇਕੱਲੇ ਗੁਨਾਹ ਆਪਣੇ ਮੂੰਹ ਵਿੱਚ ਬੋਲ ਕੇ ਜ਼ਮੀਨ ਉੱਤੇ ਲਕੀਰਾਂ ਵਾਹੀ ਚੱਲ"। ਮਾਈ ਲਕੀਰਾਂ ਵਾਹੁਣ ਲੱਗ ਪਈ। ਜਦੋਂ ਪੰਜ ਸੱਤ ਲਕੀਰਾਂ ਹੋ ਜਾਣ ਤਾਂ ਬਾਬਾ ਜੀ ਉੱਪਰ ਹੱਥ ਫੇਰ ਕੇ ਲਕੀਰਾਂ ਮੇਟ ਦੇਣ। ਮਾਈ ਲਕੀਰਾਂ ਵਾਹੁਣ ਦਾ ਕੰਮ ਲਗਾਤਾਰ ਕਰ ਰਹੀ ਸੀ। ਬਖਸਿੰਦ ਮਹਾਂਪੁਰਖ ਸਾਰੀਆਂ ਲਕੀਰਾਂ ਤੇ ਹੱਥ ਮਾਰਦੇ ਰਹੇ। ਜਦ ਅਖੀਰ ਤੇ ਮਾਈ ਨੇ ਲਕੀਰਾਂ ਬੰਦ ਕੀਤੀਆਂ, ਤਾਂ ਬਾਬਾ ਜੀ ਨੇ ਕਿਹਾ ਕਿ ਮਾਈ ਅਜੇ ਦੋ ਗੱਲਾਂ ਬਾਕੀ ਰਹਿ ਗਈਆਂ, ਹੁਣ ਉਹ ਵੀ ਲਕੀਰਾਂ ਵਾਹ ਕੇ ਬਖਸ਼ਾ ਲੈ। ਇਹ ਮੋਕਾ ਫਿਰ ਨਹੀਂ ਹੱਥ ਆਉਣਾ। ਮਾਈ ਦੋ ਹੋਰ ਲਕੀਰਾਂ ਵਾਹੁਣ ਤੋਂ ਸੰਕੋਚ ਕਰ ਗਈ। ਤੇ ਬਾਬਾ ਜੀ ਨੇ ਹੱਸ ਕੇ ਆਪਣੇ ਹੱਥ ਨਾਲ ਦੋ ਲਕੀਰਾਂ ਵਾਹ ਦਿੱਤੀਆਂ ਤੇ ਕਹਿਣ ਲੱਗੇ, ਲੈ ਮਾਈ, ਆ ਤੇਰੀਆਂ ਦੋ ਲਕੀਰਾਂ ਦਾ ਵੀ ਤੇਰੀ ਸੇਵਾ ਸਦਕੇ ਲੇਖਾ ਮੁੱਕ ਗਿਆ। ਹੁਣ ਤੇਰੀ ਸੇਵਾ ਵੀ ਸਫਲ ਹੋ ਗਈ ਹੈ।"

**ਧਰਮਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥**

*ਅੰਗ ੬੯੮*

ਇਸ ਵਕਤ ਉਸ ਮਾਈ ਦਾ ਪੋਤਰਾ ਫੂਡ ਮਹਿਕਮੇ ਵਿੱਚ ਇੰਸਪੈਕਟਰ ਹੈ ਅਤੇ ਇੱਕ ਕਰਨਲ ਡਾਕਟਰ ਮਹਿੰਦਰ ਸਿੰਘ ਹੈ ਅਤੇ ਇੱਕ ਅਮਰਜੀਤ ਸਿੰਘ ਐਮ ਡੀ ਦੀ ਆਪਣੀ ਦੁਕਾਨ ਹੈ। ਇੱਕ ਮਾਈ ਦੀ ਪੋਤਰੀ ਬੀਬੀ ਹੈ ਜਿਸ ਦਾ ਪਤੀ ਜੱਜ ਹੈ।

ਇਸ ਮਾਈ ਦਾ ਪੂਰਾ ਨਾਮ ਪ੍ਰਤਾਪ ਕੌਰ ਵੀ ਹੈ।

## ਸਭੁ ਕਿਛੁ ਤੇਰੈ ਵਸਿ ਤੇਰਾ ਘਰੁ ਭਲਾ ॥

*(ਅੰਗ ੯੬੫)*

ਕੱਚੀ ਭੁੱਚੋਂ ਤੋਂ ਇੱਕ ਆਦਮੀ ਸੀ ਜਿਸ ਦਾ ਨਾਮ ਗੰਡਾ ਸਿੰਘ ਸੀ। ਇਹ ਸਰੀਰਕ ਤੌਰ ਤੇ ਕਈਆਂ ਬੀਮਾਰੀਆਂ ਦਾ ਤੰਗ ਕੀਤਾ ਹੋਇਆ ਬਾਬਾ ਜੀ ਕੋਲ ਆਇਆ। ਇਸ ਦਾ ਅਸਲੀ ਨਗਰ ਮਾਈਸਰਖਾਨਾ ਸੀ। ਅਤੇ ਇਹ ਦੇਵੀ ਮਾਤਾ ਦਾ ਭਗਤ ਹੋਣ ਕਰ ਲੋਕੀ ਇਸ ਨੂੰ ਭਗਤ-ਭਗਤ ਕਹਿੰਦੇ ਸੀ। ਇਸ ਦੇ ਸਰੀਰ ਤੇ ਫੋੜੇ ਨਿਕਲ ਹੋਏ ਸਨ ਤੇ ਬਾਬਾ ਜੀ ਪਾਸ ਆ ਕੇ ਕਹਿਣ ਲੱਗਾ ਜੀ ਮੈਂ ਫੋੜਿਆ ਤੋਂ ਬਹੁਤ ਤੰਗ ਹਾਂ ਦੂਸਰੀ ਮੇਰੀ ਦਾੜ੍ਹ ਦੁਖਦੀ ਹੈ। ਇਸ ਦੀ ਤਕਲੀਫ ਸੁਣ ਕੇ ਬਾਬਾ ਜੀ ਨੇ ਬਚਨ ਕੀਤਾ "ਟਿੱਲੇ ਦੇ ਪਿਛਲੇ ਪਾਸੇ ਸਾਡਾ ਤਲਾਅ ਹੈ ਇਸ਼ਨਾਨ ਕਰ ਲੈ ਸਭ ਹੱਟ ਜਾਣਗੇ ਤੇ ਤੇਰੀ ਦਾੜ੍ਹ ਦਾ ਇਲਾਜ ਫਿਰ ਕਰਾਂਗੇ।" ਬਚਨ ਸੁਣ ਕੇ ਇਸ਼ਨਾਨ ਲਈ ਚਲਾ ਗਿਆ। ਜਦ ਵਾਪਸ ਆਇਆ ਤਾਂ ਬਾਅਦ ਵਿੱਚ ਨੀਲਾ ਸਿਉਂ ਨੂੰ ਹੁਕਮ ਹੋਇਆ, "ਇਸ ਨੂੰ ਇੱਕ ਪ੍ਰਸ਼ਾਦਾ ਲੰਗਰ ਵਿਚੋਂ ਲਿਆ ਦੇ ਦਿਓ।" ਨੀਲਾ ਸਿਉਂ ਨੇ ਕਈਆਂ ਦਿਨਾਂ ਦਾ ਬੇਹਾ ਪ੍ਰਸ਼ਾਦਾ ਸੁੱਕਿਆ ਹੋਇਆ ਲਿਆ ਕੇ ਦਿੱਤਾ ਤੇ ਗੰਡਾ ਸਿੰਘ ਕਦੇ ਪ੍ਰਸ਼ਾਦੇ ਵੱਲ ਵੇਖੇ ਤੇ ਕਦੇ ਆਪਦੀ ਦਾੜ੍ਹ ਵੱਲ ਵੇਖੇ। ਬਾਬਾ ਜੀ ਨੇ ਉਸ ਨੂੰ ਵੇਖ ਕੇ ਕਿਹਾ ਕਿ "ਭਗਤਾ ਖਾਣ ਦੀ ਕਰ ਅੱਗਾ-ਪਿੱਛਾ ਨਾ ਵੇਖ।" ਉਸ ਨੇ ਬਚਨ ਮੰਨ ਕੇ ਪਹਿਲੀ ਬੁਰਕੀ ਮੂੰਹ ਵਿੱਚ ਪਾਈ ਤਾਂ ਦਰਦ ਇਉਂ ਬੰਦ ਹੋ ਗਿਆ ਜਿਵੇਂ ਪਹਿਲਾਂ ਕਦੇ ਹੋਇਆ ਨਹੀਂ ਉਪਰੰਤ ਇੱਕ ਰੋਟੀ ਹੋਰ ਮੰਗ ਕੇ ਖਾਧੀ। ਸੁਆਦ ਇਸ ਤਰ੍ਹਾਂ ਲੱਗਾ ਜਿਵੇਂ ਅੱਗੇ ਕਦੀ ਆਇਆ ਨਾ ਹੋਵੇ। ਉਪਰੋਂ ਪਾਣੀ ਪੀਣ ਨੂੰ ਦਿੱਤਾ ਜੋ ਬਹੁਤ ਹੀ ਠੰਢਾ ਸੀ। ਉਸਨੇ ਬਾਅਦ ਵਿੱਚ ਆਗਿਆ ਮੰਗੀ ਬਾਬਾ ਜੀ ਨੇ ਹੁਕਮ ਦਿੱਤਾ "ਅਜੇ ਨਹੀਂ।"

ਬਾਬਾ ਜੀ ਨੇ ਬਚਨ ਕੀਤਾ ਕਿ "ਭਗਤਾ ਤੇਰੇ ਲਈ ਸਵਾਰੀ ਆ ਰਹੀ ਹੈ, ਤੂੰ ਕਾਹਲੀ ਨਾ ਕਰ।" ਕੁਝ ਸਮੇਂ ਦੇ ਬਾਅਦ ਆਪੇ ਹੀ ਤੋਰ

ਦਿੱਤਾ। ਤੇ ਕਿਹਾ ਜਾ ਤੇਰੀ ਉਡੀਕ ਹੋ ਰਹੀ ਹੇ। ਜਦੋਂ ਗੰਡਾ ਸਿੰਘ ਡੇਰੇ ਤੋਂ ਬਾਹਰ ਆਇਆ ਤਾਂ ਅੱਗੋਂ ਇੱਕ ਊਠ ਵਾਲਾ ਖੜਾ ਸੀ। ਉਹ ਪੁੱਛਣ ਲੱਗਾ ਤੂੰ ਕਿਥੇ ਜਾਣਾ ਹੈ। ਅੱਗੋਂ ਗੰਡਾ ਸਿੰਘ ਕਹਿਣ ਲੱਗਾ ਕੱਚੀ ਭੁੱਚੋਂ। ਊਠ ਵਾਲਾ ਕਹਿਣ ਲੱਗਾ ਕਿ ਮੈਂ ਪੂਹਲੇ ਤੋਂ ਆਇਆ ਹਾਂ ਤੇ ਭਾਗੂ ਜਾਣਾ ਹੈ। ਤੂੰ ਮੇਰੇ ਨਾਲ ਬੈਠ ਜਾ। ਤੈਨੂੰ ਮੈਂ ਕੱਚੀ ਭੁੱਚੋਂ ਉਤਾਰ ਦੇਵਾਂਗਾ।

(ਇਹ ਬਚਨ ਲਛਮਣ ਸਿੰਘ ਭਲੇਰੀਏ ਕੱਚੀ ਭੁੱਚੋ ਤੋਂ ਮਿਲਿਆ)

## ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ

*(ਅੰਗ ੨੦੪)*

ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਸੇਵਾ ਵਿੱਚ ਹਾਜ਼ਰ ਸਨ ਇੱਕ ਦਿਨ ਸ੍ਰੀ ਰਾਮ ਸਿੰਘ ਜੀ ਨੂੰ ਬਾਬਾ ਜੀ ਨੇ ਕੋਲ ਬੁਲਾ ਕੇ ਹੁਕਮ ਕੀਤਾ ਕਿ ਦਾਦਾ ਜੀ ਤੁਸੀਂ ਅੱਜ ਆਪਣੇ ਨਗਰ ਜਾਓ। ਉਥੇ ਤੁਹਾਡੇ ਪਿਛਲੇ ਜਨਮ ਦੇ ਮਾਤਾ ਪਿਤਾ ਆਏ ਹੋਏ ਹਨ ਅਤੇ ਉਨ੍ਹਾਂ ਨੂੰ ਮਿਲਕੇ ਕਹਿ ਆਓ, ਹੁਣ ਤੁਹਾਡਾ ਸਾਡਾ ਕੋਈ ਸੰਬੰਧ ਨਹੀਂ ਹੈ ਅਤੇ ਅਸਾਨੂੰ ਭੁੱਲ ਜਾਓ। ਇਤਨੀ ਗੱਲ ਕਰਕੇ ਉਸ ਸਮੇਂ ਹੀ ਮੁੜ ਆਉਣਾ ਰਾਤ ਨਹੀਂ ਰਹਿਣਾ। ਮਨ ਵਿੱਚ ਸ੍ਰੀ ਰਾਮ ਸਿੰਘ ਜੀ ਦੇ ਬੜੀ ਹੈਰਾਨਗੀ ਹੋਈ ਕਿ ਇਹ ਕੀ ਬਚਨ ਕੀਤਾ। ਖੈਰ ਹੁਕਮ ਅੱਗੇ ਸਿਰ ਝੁਕਾ ਕੇ ਮਲੂਕੇ ਪਹੁੰਚ ਗਏ। ਅੱਗੇ ਘਰ ਪਹੁੰਚੇ ਤਾਂ ਉਹੀ ਬਚਨ ਪਰਤੱਖ ਰੂਪ ਵਿੱਚ ਸਾਹਮਣੇ ਸੀ। ਰਾਜਸਥਾਨ ਤੋਂ ਬ੍ਰਾਹਮਣ ਅਤੇ ਉਨ੍ਹਾਂ ਦੀ ਘਰ ਵਾਲੀ ਆਏ ਹੋਏ ਸਨ। ਉਨ੍ਹਾਂ ਨੂੰ ਮਿਲ ਕੇ ਜੋ ਬਚਨ ਬਾਬਾ ਜੀ ਨੇ ਕਹਿਣ ਦਾ ਹੁਕਮ ਕੀਤਾ ਸੀ ਉਹ ਬਚਨ ਉਨ੍ਹਾਂ ਹੀ ਅੱਖਰਾਂ ਵਿੱਚ ਕਹਿਕੇ ਵਾਪਸ ਭੁੱਚੋਂ ਸੇਵਾ ਵਿੱਚ ਆ ਕੇ ਹਾਜ਼ਰ ਹੋ ਗਏ। ਉਨ੍ਹਾਂ ਸਮਿਆਂ ਵਿੱਚ ਆਉਣ ਜਾਣ ਦਾ ਇਤਨਾ ਸਾਧਨ ਨਹੀਂ ਸੀ ਜਿਤਨਾ ਕਿ ਅੱਜ ਦੇ ਸਮੇਂ ਵਿੱਚ ਹੈ। ਪਰੰਤੂ ਹੁਕਮ ਹੁਕਮ ਹੀ ਹੁੰਦਾ ਹੈ। ਹੁਕਮ ਮੰਨਣ ਵਾਲਿਆਂ ਲਈ ਲੰਮੇ ਅਤੇ ਬਿਖੜੇ ਰਸਤੇ ਉਨ੍ਹਾਂ ਲਈ ਕੋਈ ਰੁਕਾਵਟ ਨਹੀਂ ਖੜੀ ਕਰ ਸਕਦੇ।

**ਜਿਨਾ ਭਾਣੇ ਕਾ ਰਸੁ ਆਇਆ॥ ਤਿਨ ਵਿਚਹੁ ਭਰਮੁ ਚੁਕਾਇਆ॥**

ਅੰਗ ੭੨

**ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ
ਲੰਘਿ ਗੁਰ ਪਹਿ ਜਾਈ**

(ਸੂਹੀ ਮ. ੪, ਅੰਗ ੭੫੭)

ਇਸ ਬਚਨ ਨੇ ਸੰਤ ਸ੍ਰੀ ਰਾਮ ਸਿੰਘ ਜੀ ਨੇ ਮਨ 'ਚੋਂ ਬਾਬਾ ਜੀ ਮੁਤੱਲਕ ਸਭ ਸ਼ੰਕੇ ਨਵਿਰਤ ਕਰ ਦਿੱਤੇ ਅਤੇ ਭਾਵਨਾ ਪ੍ਰਪੱਕ ਹੋ ਗਈ।

ਇਹ ਪ੍ਰਸੰਗ ਸ੍ਰੀ ਰਾਮ ਸਿੰਘ ਜੀ ਦੇ ਸੇਵਕ ਬਾਬਾ ਬਲਵਿੰਦਰ ਸਿੰਘ ਜੀ ਤੋਂ ਮਿਲਿਆ।

## ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ

*(ਅੰਗ ੧੦੯੬)*

ਸੰਨ 1914 ਦੀ ਜੰਗ ਲੱਗ ਗਈ। ਅੰਗਰੇਜ਼ ਸਰਕਾਰ ਨੇ ਪੁਲੀਸ ਰਾਹੀਂ ਜਬਰੀ ਭਰਤੀ ਅਰੰਭ ਕੀਤੀ ਹੋਈ ਸੀ। ਇਕੱਲੇ ਸੇਮੇ ਪਿੰਡ ਵਿਚੋਂ ਛੁਪੰਜਾ ਮੁੰਡੇ ਭਰਤੀ ਕਰਕੇ ਲੈ ਤੁਰੇ। ਰਸਤੇ ਵਿੱਚ ਉਨ੍ਹਾਂ ਨੇ ਪੁਲਿਸ ਨੂੰ ਕਿਹਾ ਕਿ ਅਸਾਨੂੰ ਬਾਬਾ ਜੀ ਦੇ ਦਰਸ਼ਨ ਕਰ ਲੈਣ ਦਿਓ। ਉਪਰੰਤ ਉਹ ਬਾਬਾ ਜੀ ਪਾਸ ਟਿੱਲੇ ਉੱਪਰ ਪਹੁੰਚ ਗਏ। ਆਉਣ ਸਾਰ ਬਾਬਾ ਜੀ ਨੇ ਪੁੱਛਿਆ ਕਿ ਕਿਵੇਂ ਆਉਣੇ ਹੋਏ ਤਾਂ ਉਹਨਾਂ ਨੌਜਵਾਨਾਂ ਨੇ ਦੱਸਿਆ ਕਿ ਅਸਾਨੂੰ ਪੁਲਿਸ ਨੇ ਜਬਰਦਸਤੀ ਭਰਤੀ ਲਈ ਫੜਿਆ ਹੈ। ਉਨ੍ਹਾਂ ਵਿੱਚ ਨੌਜਵਾਨ ਪੰਡਿਤਾਂ ਦਾ ਲੜਕਾ ਸੰਤ ਰਾਮ ਵੀ ਸੀ। ਸ਼ਾਮ ਦੇ ਚਾਰ ਵਜੇ ਦਾ ਸਮਾਂ ਸੀ। ਇੱਕ ਘੁਮਿਆਰਾ ਸਿੱਖਾਂ ਦਾ ਲੜਕਾ ਵੀ ਸੀ। ਉਪਰੰਤ ਬਚਨ ਹੋਇਆ ਮੈਦਾਨ ਵਿਚੋਂ ਪਿੱਠ ਨਹੀਂ ਵਿਖਾਉਣੀ ਖਿੜੇ ਮੱਥੇ ਜਾਓ- ਤੁਹਾਡੇ ਗੁਰੂ ਅੰਗ ਸੰਗ ਰਹੇਗਾ, ਆਪੋ ਆਪਣੇ ਇਸ਼ਟ ਨੂੰ ਯਾਦ ਰੱਖਣਾ। ਇਸ ਤੋਂ ਉਪਰੰਤ ਇਨ੍ਹਾਂ ਨੌਜਵਾਨਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

ਇਹ ਬਚਨ ਪੰਡਿਤ ਸੰਤ ਰਾਮ ਸੇਮਾ ਨਿਵਾਸੀ ਤੋਂ ਮਿਲਿਆ।

## ਆਪ ਸਹਾਈ ਹੋਆਸਚੇ ਦਾ ਸਚਾ ਢੋਆ

*(ਅੰਗ ੬੨੮)*

ਰਾਜ ਮਦ ਇੱਕ ਐਸਾ ਮਦ ਹੈ, ਜਿਸ ਵਿੱਚ ਮਸਤ ਹੋ ਕੇ ਬੰਦਾ ਆਪਣੇ ਗੁਰੂ ਅਤੇ ਪ੍ਰਮੇਸ਼ਰ ਵੱਲੋਂ ਨਿਰਾ ਬੇ-ਮੁੱਖ ਹੀ ਨਹੀਂ ਹੁੰਦਾ, ਸਭ ਪਾਸਿਆਂ ਤੋਂ ਬੇ-ਖਬਰ ਅਤੇ ਲਾਪ੍ਰਵਾਹ ਹੋ ਜਾਂਦਾ ਹੈ। ਰਾਜਾ ਜਾਂ ਅਫਸਰ ਇੱਕ ਗੱਲ ਗਲਤ ਕਰਦਾ ਹੈ, ਪਰੰਤੂ ਉਸਦੇ ਅਮੀਰ ਵਜੀਰ ਅਹਿਲਕਾਰ ਉਸਤੋਂ ਭੀ ਵਧੀਕ ਭੈੜੇ ਕੰਮ ਕਰਨ ਵਿੱਚ ਵੀ ਉਸਤੋਂ ਪਿੱਛੇ ਨਹੀਂ ਰਹਿੰਦੇ। ਸਤਿਗੁਰੂ ਨੇ ਬਾਣੀ ਵਿੱਚ ਫੁਰਮਾਇਆ ਹੈ, "**ਰਾਜੇ ਸੀਂਹ ਮੁਕਦਮ ਕੁਤੇ । ਜਾਇ ਜਗਾਇਨ ਬੈਠੇ ਸੁਤੇ । ਚਾਕਰ ਨਹਦਾ ਪਾਇਨਿ ਘਾਉ । ਰਤੁ ਪਿਤੁ ਕੁਤਿਹੋ ਚਟਿ ਜਾਹੁ ॥**"

ਇਹ ਬਚਨ ਉਸ ਵੇਲੇ ਪਟਿਆਲੇ ਵਿੱਚ ਪ੍ਰਤੱਖ ਰੂਪ ਵਰਤ ਰਿਹਾ ਸੀ। ਉਸ ਵਕਤ ਇਸ ਰਾਜ ਘਰਾਣੇ ਵਿਚੋਂ ਇੱਕ ਮਹਾਰਾਣੀ ਦਲੀਪ ਕੌਰ ਬਾਬਾ ਜੀ ਪਾਸ ਕਦੇ ਕਦੇ ਸਮਾਂ ਕੱਢ ਕੇ ਆ ਜਾਂਦੀ ਸੀ। ਪਿਛਲੇ ਹਿੱਸੇ ਵਿੱਚ ਇਹ ਪ੍ਰਸੰਗ ਆ ਚੁੱਕਾ ਹੈ। ਮਹਾਰਾਜੇ ਨੇ ਪਤਾ ਲੱਗਣ ਤੇ ਗੋਲੀਆਂ ਨੂੰ ਵੀ ਅਸਲੀਅਤ ਜਾਣਨ ਵਾਸਤੇ ਬਾਬਾ ਜੀ ਪਾਸ ਭੇਜਿਆ ਸੀ।

**ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥**
**ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ ॥**

(ਅੰਗ ੧੨੮੮) (ਮਲਾਰ ਕੀ ਵਾਰ ਮ. ੧)

**ਨਾ ਓਹਿ ਮਰਹਿ ਨ ਠਾਗੇ ਜਾਹਿ**
**ਜਿਨਕੈ ਰਾਮੁ ਵਸੈ ਮਨ ਮਾਹਿ**

(ਜਪੁਜੀ ਸਾਹਿਬ)

ਮਹਾਰਾਜੇ ਦੇ ਪਾਸ ਜਾ ਕੇ ਗੋਲੀਆ ਨੇ ਅਸਲੀਅਤ ਦੱਸ ਦਿੱਤੀ ਕਿ ਸਰਕਾਰ ਉਥੇ ਪਰੀਪੂਰਨ ਰੂਪ ਵਿੱਚ ਪ੍ਰਮੇਸ਼ਰ ਹੀ ਬਿਰਾਜ ਰਿਹਾ ਹੈ। ਉਪਰੰਤ

ਮਹਾਰਾਜਾ ਚੁੱਪ ਹੋ ਗਿਆ। ਇਸ ਤੋਂ ਉਪਰੰਤ ਮਹਾਰਾਣੀ ਦਲੀਪ ਕੌਰ ਜਦੋਂ ਸਮਾਂ ਮਿਲਦਾ ਦਰਸ਼ਨ ਕਰਨ ਲਈ ਆਉਂਦੀ ਰਹੀ। ਉਸ ਨੇ ਕਦੇ ਕਦੇ ਰਾਜ ਘਰਾਣੇ ਦੀ ਕੋਈ ਗੱਲ ਛੇੜਨੀ ਤਾਂ ਹਜ਼ੂਰ ਨੇ ਬਚਨ ਕਰਕੇ ਕਿ ਬੀਬੀ ਤੂੰ ਕਿਸੇ ਸਮੇਂ ਦੀ ਉਡੀਕ ਕਰ, ਗੁਰੂ ਨਾਨਕ ਭਲੀ ਕਰੇਗਾ। ਜੋ ਕੁਝ ਉਥੇ ਹੋ ਰਿਹਾ ਹੈ ਸਾਨੂੰ ਸਭ ਪਤਾ ਹੈ। ਉਪਰੰਤ ਨਾ ਤਾਂ ਫਿਰ ਮਹਾਰਾਣੀ ਦਲੀਪ ਕੌਰ ਨੇ ਕੋਈ ਗੱਲ ਚਲਾਈ, ਨਾ ਹੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ।

ਸਮਾਂ ਬੀਤਦਾ ਗਿਆ ਪਰ ਮਹਾਰਾਣੀ ਨੇ ਸੰਗਤ ਕਰਨੀ ਨਹੀਂ ਛੱਡੀ ਪਰ ਮਨ ਵਿੱਚ ਮਹਾਰਾਣੀ ਜ਼ਰੂਰ ਬੇਨਤੀਆਂ ਕਰਦੀ ਕਿਉਂਕਿ ਹੁਕਮ ਸੀ ਸਹਿਜ ਪਾਠ ਕਰਦੇ ਰਹੋ ਸੋ ਪਾਠ ਹੁੰਦੇ ਰਹਿੰਦੇ ਸਨ। ਭਾਈ ਵਰਿਆਮ ਸਿੰਘ ਬੀਬੀ ਕਾ ਇਹ ਪਾਠ ਕਰਦਾ ਹੁੰਦਾ ਸੀ। ਪਰ ਉਸ ਪਾਸੇ

**"ਜੋਰ ਜ਼ੁਲਮ ਫੂਲਹਿ ਘਨੋ ਕਾਚੀ ਦੇਹ ਬਿਕਾਰ"**

(ਅੰਗ ੨੫੫) (ਗਉੜੀ ਬਾਵਨ ਅਖਰੀ ਮ. ੫)

ਦੇ ਵਾਕ ਅਨੁਸਾਰ ਸਾਰੇ ਕੰਮ ਚਲਦੇ ਰਹੇ।

ਇਕ ਦਿਨ ਐਸਾ ਕੁਦਰਤ ਨੇ ਸਬੱਬ ਬਣਾਇਆ ਕਿ ਅੰਗਰੇਜ਼ ਸਰਕਾਰ ਵਲੋਂ ਮਹਾਰਾਜ ਪਟਿਆਲੇ ਨੂੰ ਆਪਣੀ ਫੌਜ ਲੈ ਕੇ ਜੰਗ ਵਿੱਚ ਜਾਣ ਦਾ ਹੁਕਮ ਹੋਇਆ। ਅੰਗਰੇਜ਼ ਸਰਕਾਰ ਦਾ ਹੁਕਮ ਮੋੜਿਆ ਨਹੀਂ ਸੀ ਜਾ ਸਕਦਾ। ਬੜੀਆ ਵਿਚਾਰਾਂ ਅਤੇ ਨਾਲ ਹੀ ਫਿਕਰ ਵੀ ਬੇਅੰਤ ਹੋ ਗਿਆ। ਪਰੰਤੂ ਮਹਾਰਾਣੀ ਦਲੀਪ ਕੌਰ ਨੇ ਫਿਰ ਬਾਬਾ ਜੀ ਪਾਸ ਬੇਨਤੀ ਕੀਤੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ "ਬੀਬੀ ਰਖਿਆ ਕਰਨ ਵਾਲਾ ਤਾਂ ਹੈ ਨਹੀਂ ਸੀ। ਪਰ ਤੂੰ ਸਾਡਾ ਬਚਨ ਮੰਨ ਕੇ ਬਾਣੀ ਦੇ ਪਾਠ ਕਰਵਾਏ ਅਤੇ ਕਰ ਰਹੀ ਹੈਂ। ਤੈਨੂੰ ਮੋੜਿਆ ਵੀ ਨਹੀਂ ਜਾ ਸਕਦਾ। ਉਸਨੂੰ ਕਹੋ ਬੇ ਫਿਕਰ ਹੋ ਕੇ ਜਾਵੇ ਰੱਖਿਆ ਹੋਵੇਗੀ।"ਕਾਨਿਆ ਵਾਲੀ ਵਾਲੇ ਸ੍. ਬਲਵੀਰ ਸਿੰਘ ਨੇ ਦੱਸਿਆ ਹੈ ਕਿ ਇਨ੍ਹਾਂ ਹੀ ਦਿਨਾਂ ਵਿੱਚ ਰਾਜ ਪਰਿਵਾਰ ਨੇ ਕਿਸੇ ਢੰਗ ਨਾਲ ਬਾਬਾ ਨਿਧਾਨਾ ਜੀ (ਜਿਨ੍ਹਾਂ ਦਾ ਪ੍ਰਸੰਗ ਪਿਛਲੇ ਹਿੱਸੇ ਵਿੱਚ

ਆ ਚੁੱਕਾ ਹੈ) ਉਨ੍ਹਾਂ ਨੂੰ ਵੀ ਰਾਜ ਪਰਿਵਾਰ ਨੇ ਆਪਣੇ ਕੋਲ ਸੱਦ ਕੇ ਇਹੋ ਹੀ ਬੇਨਤੀ ਕੀਤੀ ਸੀ। ਮਹਾਰਾਜ ਦੀ ਸੁਖ ਅਨੰਦ ਰਹੇ। ਅਗੋਂ ਬਾਬਾ ਨਿਧਾਨਾ ਜੀ ਨੇ ਬੜੇ ਖੁੱਲੇ ਬਚਨ ਕਹੇ ਜਿਸ ਦਾ ਮਤਲਬ ਸੀ ਕਿ ਮਹਾਰਾਜੇ ਨੂੰ ਕੁਝ ਨਹੀਂ ਹੁੰਦਾ ਪਾਠਕ ਪੜ੍ਹ ਚੁੱਕੇ ਹਨ ਕਿ ਬਾਬਾ ਜੀ ਨੇ ਵੀ ਬਚਨ ਕੀਤਾ ਸੀ ਸੋ ਹੁਣ ਅੱਗੇ ਪੜ੍ਹੋ। ਮਹਾਰਾਜਾ ਸਮੇਤ ਫੌਜ ਦੇ ਆਪਣੇ ਮੁਕੱਰਰ ਦਿਨ ਉਤੇ ਰਵਾਨਾ ਹੋ ਗਿਆ। ਮੌਤ ਦਾ ਡਰ ਸਭ ਦੇ ਸਾਹਮਣੇ ਸੀ। ਪੈਰ ਪੈਰ ਤੇ ਮੌਤ ਖੜੀ ਨਜ਼ਰ ਆ ਰਹੀ ਸੀ। ਮਹਾਰਾਜੇ ਦਾ ਜਹਾਜ਼ ਚੱਲਦਾ ਚੱਲਦਾ ਜਿਸ ਵੇਲੇ ਅਦਨ ਦੀ ਬੰਦਰਗਾਹ ਨੇੜੇ ਅੱਪੜਿਆ ਤਾਂ ਜਰਮਨ ਦਾ ਜਹਾਜ਼ ਹਮਲੇ ਲਈ ਪਹੁੰਚ ਗਿਆ। ਉਧਰੋਂ ਐਮਡਨ ਨਾਮ ਦੀ ਜਰਮਨ ਦੀ ਡੁਬਕਣੀ ਮੌਕੇ ਦੀ ਤਾੜ ਵਿੱਚ ਸੀ। ਇਸ ਸਮੇਂ ਸਿਰਫ ਜਰਮਨ ਕੋਲ ਹੀ ਹਵਾਈ ਤਾਕਤ ਸੀ। ਹੋਰ ਕਿਸੇ ਬਾਦਸ਼ਾਹੀ ਕੋਲ ਜੇ ਸੀ ਤਾਂ ਬਹੁਤ ਥੋੜ੍ਹੀ ਉਧਰੋਂ ਹਵਾਈ ਜਹਾਜ਼ ਨੇ ਹਮਲਾ ਕਰ ਦਿੱਤਾ ਉਸ ਹਮਲੇ ਸਮੇਂ ਕੁਝ ਗੋਲੇ ਆਸੇ ਪਾਸੇ ਡਿੱਗੇ ਅਤੇ ਇੱਕ ਮਹਾਰਾਜੇ ਦੇ ਜਹਾਜ਼ ਵੱਲ ਆਇਆ ਉਪਰੋਂ ਹਜ਼ੂਰ ਦੇ ਰੱਖਿਆ ਕਰਨ ਦਾ ਸਮਾਂ ਜਿਵੇਂ ਬਾਣੀ ਵਿੱਚ ਕਿਹਾ ਹੈ।

**ਧਿਆਇਓ ਅੰਤਿ ਬਾਰ ਨਾਮੁ ਸਖਾ**
**ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ ਤਹਾ ਤਹਾ ਤੂ ਰਖਾ**

*(ਅੰਗ ੧੨੧੨)*

ਮਹਾਰਾਣੀ ਦਲੀਪ ਕੌਰ ਦੇ ਕਰਵਾਏ ਸਹਿਜ ਪਾਠ ਅਤੇ ਬਾਬਾ ਜੀ ਮਹਾਰਾਜ ਅੱਗੇ ਕੀਤੀਆਂ ਬੇਨਤੀਆਂ ਨੇ ਪ੍ਰਤੱਖ ਕੌਤਕ ਵਿਖਾਇਆ ਇਧਰ ਟਿੱਲੇ ਉੱਤੇ ਬਿਰਾਜਮਾਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਰਜਾਈ ਦੀ ਬੁੱਕਲ ਮਾਰ ਕੇ ਬਿਰਾਜੇ ਹੋਏ ਸਨ। ਅਚਾਨਕ ਹੀ ਬੜੇ ਜ਼ੋਰ ਨਾਲ ਅਵਾਜ਼ ਕੀਤੀ। ਆਪਣੇ ਹੱਥ ਨੂੰ ਇਉਂ ਚਲਵਾ ਮਾਰਿਆ ਜਿਵੇਂ ਕੋਈ ਚੀਜ਼ ਵਗਾਹ ਕੇ ਮਾਰੀ ਦੀ ਹੈ ਮਹਾਰਾਜੇ ਨੂੰ ਇਉਂ ਮਾਲੂਮ ਹੋਇਆ ਕਿ ਮੈਂ ਕਿਸੇ ਮਹਾਤਮਾਂ ਦੀ ਬੁੱਕਲ ਵਿੱਚ ਹਾਂ।

**ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ॥**

*ਅੰਗ ੨੧੮*

ਅਥਵਾ

**ਜਿਸਨੋ ਸਾਜਨ ਰਾਖਸੀ ਦੁਸ਼ਮਨ ਕਵਨ ਬਿਚਾਰ**

**ਛ੍ਵੈ ਨ ਸਕੈ ਤਿਹ ਛਾਹਿ ਕੌ ਨਿਹਫਲ ਜਾਇ ਗਵਾਰ**

(ਦੋਹਰਾ ਪਾਤਸ਼ਾਹੀ ੧੦)

ਉੱਧਰ ਠੀਕ ਉਸ ਸਮੇਂ ਮਹਾਰਾਜੇ ਨੂੰ ਬਾਬਾ ਜੀ ਨੇ ਪ੍ਰਤੱਖ ਦਰਸ਼ਨ ਵੀ ਦਿੱਤੇ। ਇਸ ਸਮੇਂ ਹਜ਼ੂਰ ਦੇ ਇੱਕ ਮੋਢੇ ਤੋਂ ਹੇਠ ਡੌਲੇ ਵਿਚੋਂ ਕੁਝ ਖੂਨ ਵੀ ਨਿਕਲਿਆ। ਕੋਲ ਬੈਠੀ ਸੰਗਤ ਨੇ ਹੈਰਾਨੀ ਪ੍ਰਗਟ ਕੀਤੀ ਕਿ ਸਚੇ ਪਾਤਸ਼ਾਹ ਅਚਾਨਕ ਖੂਨ ਕਿਉਂ ਨਿਕਲਿਆ? ਅਗੋਂ ਮਹਾਪੁਰਖਾਂ ਨੇ ਬਚਨ ਕੀਤਾ "ਓਹ ਪਟਿਆਲੇ ਵਾਲਾ ਰਾਜਾ ਹੈ ਨਾ ਭੂਪਾ। ਉਸਦੀ ਰੱਖਿਆ ਕੀਤੀ ਹੈ ਉਸਤੇ ਬੰਬ ਚੱਲਿਆ। ਉਸ ਦੀਆਂ ਕੁਝ ਕੰਕਰਾਂ ਵੱਜੀਆਂ ਹਨ।" ਫਿਰ ਮੁਨਸ਼ੀ ਹਰਦਿੱਤ ਸਿੰਘ ਨੂੰ ਹੁਕਮ ਕੀਤਾ। ਜਾਓ, ਪਟਿਆਲੇ ਤਾਰ ਪਾ ਦਿਓ ਕਿ ਉਸਦੀ ਰੱਖਿਆ ਹੋ ਗਈ ਹੈ। ਰਾਜੇ ਨੇ ਰਾਜ ਘਰਾਣੇ ਨੂੰ ਖਬਰ ਕਰ ਦਿੱਤੀ ਕਿ ਮੇਰੇ ਉੱਪਰ ਅਦਨ ਦੀ ਬੰਦਰਗਾਹ ਉੱਤੇ ਬੰਬ ਫਟਿਆ ਪਰ ਇੱਕ ਐਸੇ ਰੂਪ ਰੰਗ ਵਾਲਾ ਬੜੇ ਤੇਜਵਾਨ ਰੂਪ ਵਿੱਚ ਮਹਾਤਮਾ ਹੈ। ਉਸਨੇ ਮੈਨੂੰ ਆਪਣੀ ਬੁਕੱਲ ਵਿੱਚ ਲੈ ਲਿਆ ਹੈ। ਪਤਾ ਕਰੋ ਕਿ ਕੌਣ ਹੈ। ਉਧਰੋਂ ਅੰਗਰੇਜ਼ ਸਰਕਾਰ ਵਲੋਂ ਵੀ ਪਿੱਛੇ ਮੁੜਨ ਦਾ ਹੁਕਮ ਆ ਗਿਆ ਅਤੇ ਉਸੇ ਤਰ੍ਹਾਂ ਹੀ ਜਹਾਜ਼ ਜਿਸ ਤਰ੍ਹਾਂ ਗਿਆ ਸੀ ਵਾਪਸ ਆ ਗਿਆ। ਸਾਰੇ ਰਾਜ ਪਰਿਵਾਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।

ਗੁਰੂ ਵਾਕ ਅਨੁਸਾਰ .-

**ਸਾਧ ਜਨਾ ਹੋਏ ਕਿਰਪਾਲਾ ਬਿਗਸੇ ਸਭਿ ਪਰਵਾਰਿਆ॥**

*ਅੰਗ ੮੦੭*

ਮਹਾਰਾਜੇ ਨੇ ਵਾਪਸ ਆਉਣ ਸਾਰ ਫਿਰ ਰੱਖਣ ਵਾਲੇ ਮਹਾਂਪੁਰਖ ਦੀ ਭਾਲ ਕਰਨ ਲਈ ਸਭ ਨੂੰ ਬਾਬਾ ਜੀ ਦੇ ਚਿਹਨ ਚੱਕਰ ਰੂਪ ਦੱਸ ਕੇ ਭਾਲਣ ਲਈ ਭੇਜਿਆ। ਜਿਥੇ ਜਿਥੇ ਕੋਈ ਮਹਾਤਮਾ ਸੀ ਭਾਲ ਕੀਤੀ। ਬਾਬਾ ਜੀ ਦੇ ਸਰੂਪ ਨਾਲ ਮਿਲਦਾ ਨਾ ਕੋਈ ਮਹਾਂਪੁਰਖ ਮਿਲਿਆ ਅਤੇ

ਨਾ ਹੀ ਮਹਾਰਾਜਾ ਦਰਸ਼ਨ ਕਰਨ ਲਈ ਆਇਆ। ਆਖਿਰ ਮਹਾਰਾਣੀ ਦਲੀਪ ਕੌਰ ਨੇ ਮਹਾਰਾਜੇ ਨੂੰ ਸਾਰੀ ਗੱਲ ਸਮਝਾਈ। ਇਸ ਤਰ੍ਹਾਂ ਦੇ ਸਰੂਪ ਵਾਲੇ ਤਾਂ ਭੁੱਚੋਂ ਵਾਲੇ ਮਹਾਂਪੁਰਖ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਹਨ ਅਤੇ ਫਿਰ ਮਹਾਰਾਜੇ ਨੇ ਪਹਿਲੋਂ ਦੇਖਣ ਲਈ ਆਪਣੇ ਬੰਦੇ ਭੁੱਚੋਂ ਵੀ ਭੇਜ ਦਿੱਤੇ। ਹੁਕਮ ਅਨੁਸਾਰ ਜਿਸ ਵਕਤ ਅਹਿਲਕਾਰ ਭੁੱਚੋਂ ਪਹੁੰਚੇ ਉਨ੍ਹਾਂ ਦੇ ਦਰਸ਼ਨ ਕੀਤੇ। ਹੁਕਮ ਅਨੁਸਾਰ ਮੁਨਸ਼ੀ ਹਰਦਿੱਤ ਸਿੰਘ ਉਨ੍ਹਾਂ ਦੇ ਨਾਮ ਪਤੇ ਲਿਖਣ ਕਾਗਜ਼ ਕਲਮ ਠੀਕ ਕਰਨ ਲੱਗਾ। ਉਸ ਵਕਤ ਬਾਬਾ ਜੀ ਨੇ ਰੋਕ ਦਿੱਤਾ ਹੁਕਮ ਹੋਇਆ "ਮੁਨਸ਼ੀ ਇਹ ਨਾਮ ਲਿਖਣ ਵਾਲੇ ਨਹੀਂ ਹਨ। ਇਹ ਤਾਂ ਆਪਣੀ ਪਛਾਣ ਕਰਨ ਵਾਲੇ ਹਨ" ਫਿਰ ਉਨ੍ਹਾਂ ਨੂੰ ਵੀ ਹੁਕਮ ਕੀਤਾ ਕਿ "ਬਈ ਕਰ ਲਵੋ ਪਛਾਣ ਕੋਈ ਫਰਕ ਨਾ ਰਹੇ। ਜਾ ਕੇ ਆਪਣੇ ਰਾਜੇ ਨੂੰ ਦੱਸ ਦਿਓ ਅਸੀਂ ਓਹੀ ਹਾਂ। ਜੇ ਆਉਣਾ ਹੈ ਤਾਂ ਆ ਜਾਵੇ ਜਿਵੇਂ ਉਸਦੀ ਮਰਜ਼ੀ ਕਰੇ।" ਬਾਬਾ ਜੀ ਦਾ ਬਚਨ ਸੁਣ ਕੇ ਅਹਿਲਕਾਰ ਤਾਂ ਵਾਪਸ ਪਟਿਆਲੇ ਪਹੁੰਚ ਗਏ। ਉਪਰੰਤ ਸਾਰੀ ਹਕੀਕਤ ਮਹਾਰਾਜੇ ਨੂੰ ਜਾ ਦੱਸੀ। ਫਿਰ ਕਿਸੇ ਵਕਤ ਮਹਾਰਾਣੀ ਦਲੀਪ ਕੌਰ ਨੇ ਵੀ ਮਹਾਰਾਜੇ ਨਾਲੇ ਗੱਲ ਕੀਤੀ ਸਾਰੀ ਗੱਲ ਸੁਣਨ ਉਪਰੰਤ ਮਹਾਰਾਜੇ ਦਾ ਮਨ ਮੰਨ ਗਿਆ। ਪਹਿਲੋਂ ਤਾਂ ਮਹਾਰਾਣੀ ਇਕੱਲੀ ਬਾਬਾ ਜੀ ਪਾਸ ਦਰਸ਼ਨ ਕਰਨ ਲਈ ਆਈ। ਬਾਬਾ ਜੀ ਪਾਸ ਬੇਨਤੀ ਕੀਤੀ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਬੀਬੀ ਤੇਰੀ ਬੇਨਤੀ ਮੰਨ ਕੇ ਰੱਖਿਆ ਹੋ ਗਈ ਹੈ। ਦਰਸ਼ਨ ਕਰਨ ਵਾਲੀ ਗੱਲ ਰਹਿਣ ਦੇ। ਕਿਉਂ ਮਹਾਰਾਜ? ਮਹਾਰਾਣੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ "ਬੀਬੀ ਉਸਨੇ ਸਾਡਾ ਬਚਨ ਨਹੀਂ ਮੰਨਣਾ। ਫਿਰ ਕਿਤੇ ਗੱਲ ਵਿਗੜ ਨਾ ਜਾਏ। ਮਹਾਰਾਣੀ ਨੇ ਬੇਨਤੀ ਕੀਤੀ। "ਨਹੀਂ ਮਹਾਰਾਜ, ਹੁਣ ਜ਼ਰੂਰ ਮੰਨਣਗੇ ਹੁਣ ਨਾ ਮੰਨਣ ਵਾਲੀ ਕੋਈ ਗੱਲ ਨਹੀਂ।" ਬਾਬਾ ਜੀ ਨੇ ਬਚਨ ਕੀਤਾ ਕਿ, "ਅੱਛਾ ਬੀਬੀ ਜਿਵੇਂ ਤੇਰੀ ਮਰਜ਼ੀ।" ਇਤਨੀ ਬੇਨਤੀ ਸੁਣ ਕੇ ਆਗਿਆ ਲੈ ਪ੍ਰਸੰਨ ਚਿਤ ਹੋ ਕੇ ਮਹਾਰਾਣੀ ਵਾਪਸ ਪਟਿਆਲੇ ਚੱਲੀ

ਗਈ। ਮਹਾਰਾਜੇ ਨੂੰ ਜਾ ਦੱਸਿਆ ਕਿ ਤੁਹਾਨੂੰ ਇਕੱਲਿਆਂ ਜਾਣ ਦਾ ਹੁਕਮ ਹੈ। ਇਸੇ ਦੌਰਾਨ ਮਹਾਰਾਜਾ ਜਦੋਂ ਤਿਆਰ ਹੋਵੇ ਵਜ਼ੀਰ ਕਿਸ਼ਨ ਕੋਲ ਕੋਈ ਨਾ ਕੋਈ ਬਹਾਨਾ ਬਣਾ ਕੇ ਆਉਣ ਤੋਂ ਰੋਕ ਦੇਵੇ। ਬਹੁਤ ਚਿਰ ਇਸ ਤਰ੍ਹਾਂ ਹੀ ਗੱਲ ਚਲਦੀ ਰਹੀ। ਮਹਾਰਾਜਾ ਆ ਨਹੀਂ ਸਕਿਆ। ਦਸਦੇ ਹਨ ਇਸ ਸਮੇਂ ਬਾਬਾ ਜੀ ਨੇ ਪੰਡਿਤ ਮਲੂਕੇ ਵਾਲੇ ਅਤੇ ਸ੍. ਗੁਰਬਚਨ ਸਿੰਘ ਭਦੌੜ ਦੋਨਾਂ ਨੂੰ ਪਟਿਆਲੇ ਭੇਜਿਆ। ਮਿਲਣ ਦਾ ਸਮਾਂ ਨੀਯਤ ਕਰਦੇ ਆਓ। ਇਹਨਾਂ ਦੋਹਾਂ ਨੂੰ ਡਿਉਢੀਦਾਰ ਕਿਸ਼ਨ ਸਿੰਘ ਨਾ ਮਿਲਣ ਦੇਵੇ। ਉਪਰੰਤ ਬਾਬਾ ਜੀ ਵਲੋਂ ਰਾਜੇ ਨੂੰ ਪ੍ਰੇਰਨਾ ਹੋਈ ਕਿ ਅਸਾਡੇ ਬੰਦੇ ਤੈਨੂੰ ਮਿਲਣਾ ਚਾਹੁੰਦੇ ਹਨ ਤੇਰਾ ਡਿਉਢੀ ਸਰਦਾਰ ਮਿਲਣ ਨਹੀਂ ਦੇ ਰਿਹਾ। ਫਿਰ ਰਾਜੇ ਨੇ ਦੋਹਾਂ ਨੂੰ ਸੱਦ ਕੇ ਮੁਲਾਕਾਤ ਕੀਤੀ ਬਾਬਾ ਜੀ ਨਾਲ ਮਿਲਣ ਦਾ ਦਿਨ ਨੀਯਤ ਕੀਤਾ। ਇਸੇ ਦੌਰਾਨ ਮਹਾਰਾਣੀ ਦਲੀਪ ਕੌਰ ਫਿਰ ਹਜ਼ੂਰ ਦੇ ਚਰਨਾਂ ਵਿੱਚ ਭੁੱਚੋਂ ਪਹੁੰਚੀ। ਦਰਸ਼ਨ ਵਾਸਤੇ ਬੇਨਤੀ ਕੀਤੀ। ਸੁਣਨ ਉਪਰੰਤ ਬਾਬਾ ਜੀ ਨੇ ਬਚਨ ਕੀਤਾ ਬੀਬੀ ਰਾਜਾ ਤਾਂ ਆ ਜਾਂਦਾ, ਪਰ ਵਜ਼ੀਰ ਫਿਟਣੀਆਂ ਦਾ ਫੇਟ ਹੈ। ਓਹ ਨਹੀਂ ਆਉਣ ਦਿੰਦਾ। ਫਿਰ ਮਹਾਰਾਣੀ ਨੇ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਆਪ ਕ੍ਰਿਪਾ ਕਰੋ। ਤੁਸੀਂ ਸਮਰੱਥ ਹੋ ਜੋ ਚਾਹੋ ਕਰ ਸਕਦੇ ਹੋ। ਵਜ਼ੀਰ ਤੁਹਾਡੇ ਅੱਗੇ ਕੀ ਚੀਜ਼ ਹੈ। ਫਿਰ ਉਪਰੰਤ ਕੀ ਕੌਤਕ ਵਰਤਿਆ। ਇਹ ਪ੍ਰਸੰਗ ਅੱਗੇ ਆਏਗਾ ਅਤੇ ਵਿਚਕਾਰ ਸਮੇਂ ਦੇ ਹੋਰ ਪ੍ਰਸੰਗ ਪੜ੍ਹੋ।

## ਧਨਵੰਤ ਨਾਮ ਕੇ ਵਣਜਾਰੇ

*(ਅੰਗ ੧੨੨੦)*

ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਸਭ ਤਰ੍ਹਾਂ ਦੇ ਲੋਕ ਆਉਂਦੇ ਸਨ ਲੋੜਾਂ ਵਾਸਤੇ ਬਹੁਤੇ, ਤੇ ਪਰਮਾਰਥ ਦੇ ਤੌਰ ਤੇ ਘੱਟ। ਬਾਬਾ ਜੀ ਕੋਲ ਜਿਸ ਤਰ੍ਹਾਂ ਵੀ ਕੋਈ ਲੋੜ ਲੈ ਕੇ ਆਇਆ, ਖਾਲੀ ਕਿਸੇ ਨੂੰ

ਵੀ ਨਹੀਂ ਮੋੜਿਆ। ਇਸ ਕਰਕੇ ਹਰ ਇੱਕ ਬੰਦਾ ਆਪਣਾ ਫਰਜ਼ ਸਮਝ ਕੇ ਪ੍ਰਸੰਗ ਲਿਵਾਉਂਦਾ ਹੈ। ਅਸੀਂ ਵੀ ਆਪਣਾ ਫਰਜ਼ ਸਮਝ ਕੇ ਨੋਟ ਕਰ ਲੈਂਦੇ ਹਾਂ। ਬਾਬਾ ਜੀ ਬਚਨ ਕਰਦੇ ਹੁੰਦੇ ਸਨ। ਕਿ ਸਾਡੇ ਕੋਲ ਦੁਨਿਆਵੀਂ ਲੋਕ ਲੋੜਾਂ ਦੀ ਪੰਡ ਬੰਨ ਕੇ ਰੱਖ ਦਿੰਦੇ ਹਨ।

ਕੱਚੀ ਭੁੱਚੋਂ ਦਾ ਇੱਕ ਸ੍ਰ. ਬਿਸ਼ਨ ਸਿੰਘ ਰਾਮਗੜ੍ਹੀਆ ਸੀ ਜਿਸ ਦੀ ਮੱਝ ਦੇ ਦੋ ਥਣ ਮਾਰੇ ਗਏ ਸਨ। ਬਾਬਾ ਜੀ ਕੋਲ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਛੋਟੇ-ਛੋਟੇ ਬੱਚੇ ਹਨ ਘਰ ਦੁੱਧ ਥੋੜਾ ਹੋ ਗਿਆ ਹੈ। ਕ੍ਰਿਪਾ ਕਰੋ। ਬਾਬਾ ਜੀ ਨੇ ਬਚਨ ਕੀਤਾ ਕਿ ਭੁੱਚੋਂ ਨਗਰ ਦਾ ਇੱਕ ਆਦਮੀ ਪੁੱਛਾਂ ਦਿੰਦਾ ਹੈ ਉਸ ਦੇ ਕੋਲ ਜਾ। ਜਿਸ ਤਰ੍ਹਾਂ ਕਰਨੀ ਮਾਲਕ ਸਭ ਕੁਝ ਕਰ ਸਕਦੇ ਹੋਏ ਵੀ ਇਨ੍ਹਾਂ ਚੀਜ਼ਾਂ ਨੂੰ ਛੋਟੀਆਂ ਸਮਝਦਿਆਂ ਹੋਇਆ ਕਰਦੇ ਨਹੀਂ ਸਨ। ਪਰ ਉਸ ਨੇ ਕਿਹਾ ਕਿ ਮੈਂ ਤਾਂ ਜੀ ਉਹਦੇ ਕੋਲ ਨਹੀਂ ਜਾਣਾ। ਤੇ ਨਾਂ ਹੀ ਪੁੱਛ ਵਾਲਿਆਂ ਨੂੰ ਚੰਗਾ ਸਮਝਦਾ ਹਾਂ। ਮੈਂ ਜੋ ਕੁਝ ਵੀ ਰੋਣਾ ਹੈ ਆਪ ਜੀ ਦੇ ਪਾਸ ਰੋਣਾ ਹੈ। ਕੁਝ ਚਿਰ ਬਾਅਦ ਬਾਬਾ ਜੀ ਨੇ ਇਸ਼ਾਰਾ ਕੀਤਾ ਕਿ ਪਰੇ ਹੋ ਕੇ ਬੈਠ ਜਾ। ਹੁਕਮ ਅਨੁਸਾਰ ਸਵੇਰੇ ਤੋਂ ਲੈ ਕੇ ਸ਼ਾਮ ਤਕ ਬੈਠਾ ਰਿਹਾ। ਬਾਬਾ ਜੀ ਨੇ ਸ਼ਾਮ ਨੂੰ ਆਪਣੇ ਪਾਸ ਬੁਲਾ ਕੇ ਹੁਕਮ ਕੀਤਾ ਕਿ ਜਿਸ ਮੱਝ ਦੇ ਥਣ ਮਾਰੇ ਗਏ ਹਨ, ਇਸ ਨੂੰ ਪੰਤਾਲੀ ਰੁਪਏ ਦੀ ਵੇਚਦੇ। ਤੇ ਇੰਨੇ ਦੀ ਕੋਈ ਲੰਡੀ-ਖੁੰਡੀ ਹੋਰ ਲੈ ਲੈ। ਹੁਕਮ ਮੰਨ ਕੇ ਉਹ ਆਪਣੀ ਮੱਝ ਰਾਮਪੁਰਾ ਮੰਡੀ ਲੈ ਗਿਆ ਤੇ ਵੇਚ ਦਿੱਤੀ। ਕੁੱਲ ਪੰਤਾਲੀ ਰੁਪਏ ਦੀ ਵਿਕੀ ਤੇ ਜਿਹੜੀ ਹੋਰ ਮੱਝ ਲਈ ਉਹ ਵੀ ਲੰਡੀ-ਖੁੰਡੀ ਪੰਤਾਲੀ ਰੁਪਏ ਦੀ ਮਿਲੀ। ਇਸ ਦੇ ਦੱਸਣ ਅਨੁਸਾਰ ਬਾਬਾ ਜੀ ਦੇ ਹੁਕਮ ਅਨੁਸਾਰ ਇਸ ਲੰਡੀ-ਖੁੰਡੀ ਮੱਝ ਨੇ ਇਤਨਾ ਦੁੱਧ ਦਿੱਤਾ ਕਿ ਸਾਰੇ ਟੱਬਰ ਦੀ ਭੁੱਖ ਮਿਟਾ ਦਿੱਤੀ। ਅੱਜ ਵੀ ਇਹ ਸਾਰਾ ਪਰਿਵਾਰ ਬਾਬਾ ਜੀ ਦਾ ਸੰਗੀ ਹੈ।

ਇਹ ਪ੍ਰਸੰਗ ਸ੍ਰ. ਬਿਸ਼ਨ ਸਿੰਘ ਦੇ ਪਰਿਵਾਰ ਪਾਸੋਂ ਮਿਲਿਆ।

# ਊਣੇ ਭਰੇ ਭਰੇ ਭਰਿ ਊਣੇ ਏਹਿ ਚਲਤ ਸੁਆਮੀ ਕੇ ਕਾਰਣਾ

*(ਅੰਗ ੧੦੭੭)*

ਇਕ ਸੇਠ ਲਛਮਨ ਦਾਸ, ਬਾਬਾ ਸ੍ਰੀ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਮਹੀਨੇ ਵਿੱਚ ਦੋ ਵਾਰ ਆਉਂਦੇ ਸਨ। ਇੱਕ ਵਾਰ ਇਨ੍ਹਾਂ ਦੇ ਰਿਸ਼ਤੇਦਾਰ ਕਾਸ਼ੀ ਰਾਮ ਨੂੰ ਕੋਈ ਸਾਧੂ ਮਿਲਿਆ ਤਾਂ ਇਨ੍ਹਾਂ ਨੂੰ ਕਿਹਾ ਜੋ ਰੁਪਏ ਤੇਰੇ ਕੋਲ ਹੈਂ ਮੈਨੂੰ ਦੇ ਦੇ। ਮੈਂ ਦੁਗਣੇ ਕਰ ਦਿੰਦਾ ਹਾਂ ਤੇ ਕਾਸ਼ੀ ਰਾਮ ਜੀ ਨੇ ਸੇਠ ਲਛਮਨ ਦਾਸ ਪਾਸੋਂ ਰੁਪਏ ਉਧਾਰ ਮੰਗੇ। ਲਛਮਨ ਦਾਸ ਕੋਲ 2000 ਰੁਪਏ ਨਕਦ ਸਨ। ਅਤੇ ਇਸ ਨੇ ਚੌਦਾਂ ਸੌ ਰੁਪਏ ਹੋਰ ਲਿਆ ਕੇ ਚੌਤੀਂ ਸੌ ਰੁਪਏ ਉਸਨੂੰ ਦੇ ਦਿੱਤੇ। ਕਾਸ਼ੀ ਰਾਮ ਨੇ ਚੌਂਤੀ ਸੌ ਰੁਪਏ ਉਸ ਪਾਖੰਡੀ ਸਾਧੂ ਨੂੰ ਦੇ ਦਿੱਤੇ। ਉਹ ਰੁਪਏ ਲੈ ਕੇ ਭੱਜ ਗਿਆ। ਉਹ ਤਾਂ ਇੱਕ ਬਹਾਨਾ ਸੀ। ਲਛਮਣ ਦਾਸ ਅਪਨੇ ਪਾਸੋ ਰੁਪਏ ਖੁਸ ਜਾਣ ਕਰਕੇ ਉਦਾਸ ਹੋ ਗਿਆ ਤੇ ਲਛਮਣ ਦਾਸ ਨੇ ਬੇਨਤੀ ਬਾਬਾ ਜੀ ਕੋਲ ਆ ਕੇ ਕੀਤੀ। ਬਾਬਾ ਜੀ ਨੇ ਬਚਨ ਕੀਤਾ ਕਿ ਤੇਰੀ ਪੇਸ਼ੀ ਕੱਲ ਪਵੇਗੀ" ਭਾਵ ਕਿ ਕੱਲ ਨੂੰ ਆਵੀਂ। ਹੁਕਮ ਅਨੁਸਾਰ ਲਛਮਣ ਦਾਸ ਦੂਸਰੇ ਦਿਨ ਬਾਬਾ ਜੀ ਪਾਸ ਪਹੁੰਚਿਆ। ਬਾਬਾ ਜੀ ਨੇ ਲਛਮਣ ਦਾਸ ਨੂੰ ਕਿਹਾ ਕਿ ਇਹ ਰੁਪਈਏ ਤਾਂ ਤੇਰੇ ਕੋਲ ਭੇਜ ਦਿੱਤੇ ਹਨ। ਭਾਵ ਕਿ ਜਿਹੜਾ ਘਾਟਾ ਪਿਆ ਪੂਰਾ ਹੋ ਜਾਵੇਗਾ।

ਇਸ ਤੋਂ ਬਾਅਦ ਲਛਮਣ ਦਾਸ ਘਰ ਵਾਪਸ ਆ ਗਿਆ ਉਸੇ ਸਮੇਂ ਰਾਤ ਨੂੰ 10 ਵਜੇ ਗੱਡੀ ਤੋਂ ਬਰਨਾਲੇ ਉਤਰਦੇ ਸਨ। ਲਛਮਣ ਦਾਸ ਵੀ ਉਸ ਗੱਡੀ ਤੋਂ ਉਤਰਿਆ ਤੋਂ ਨਾਲ ਹੀ ਇੱਕ ਵਪਾਰੀ ਉਤਰਿਆ। ਜਿਸ ਦਾ ਨਾਮ ਘੀਟਾ ਰਾਮ ਸੀ। ਉਸ ਦੇ ਹੱਥ ਵਿੱਚ ਕਾਲੇ ਰੰਗ ਦਾ ਗੁਬਾਰਾ (ਬੁਲਬੁਲਾ) ਸੀ। ਇਸ ਨੇ ਗੁਬਾਰਿਆਂ ਦੇ 17 ਕੋਠੇ ਮੁੱਲ ਲਏ ਸਨ। ਤੇ ਅਗਲੇ ਦਿਨ ਹੀ ਇਨ੍ਹਾਂ ਦਾ ਭਾਅ ਢਾਈ ਰੁਪਏ ਤੋਂ ਤਿੰਨ ਰੁਪਏ

ਹੋ ਗਿਆ, ਤੇ 3600 ਰੁਪਏ ਦਾ ਮਨਾਫਾ ਮਿਲਿਆ। ਦੋ ਸੌ ਰੁਪਏ ਦੀ ਆੜਤ ਲੱਗ ਗਈ ਤੇ ਚੌਂਤੀ ਸੌ ਰੁਪਏ ਮਨਾਫਾ ਹੋਇਆ। ਜਿਹੜੇ ਪੈਸੇ ਗਏ ਸਨ, ਉਹ ਉਸੇ ਤਰ੍ਹਾਂ ਹੀ ਵਾਪਸ ਹੋ ਗਏ। ਤੇ ਪੋਹ ਦੇ ਮਹੀਨੇ ਵਿੱਚ ਕਾਸ਼ੀ ਰਾਮ ਨੇ ਲਛਮਣ ਦਾਸ ਦੇ ਪੈਸੇ ਵਾਪਸ ਕਰ ਦਿੱਤੇ। ਬਾਅਦ ਵਿੱਚ ਲਛਮਣ ਦਾਸ ਜੀ ਬਾਬਾ ਜੀ ਪਾਸ ਆਏ। ਉਸ ਦਿਨ ਬਾਬਾ ਜੀ ਨੇ ਲਛਮਣ ਦਾਸ ਨੂੰ ਕਿਹਾ ਕਿ ਤੇਰੇ ਕੋਲ ਸਾਨੂੰ ਆਪਣਾ ਬੰਦਾ ਭੇਜਣਾ ਪਵੇਗਾ ਤੇ ਉਹਦੇ ਰਾਹੀਂ ਤੇਰਾ ਕੰਮ ਇਸ ਤਰ੍ਹਾਂ ਚਲਾਵਾਂਗੇ, ਪਰ ਤੈਨੂੰ ਸਮਝ ਨਹੀਂ ਆਉਣੀ। ਇੱਕ ਦਿਨ ਲਛਮਣ ਦਾਸ ਦੀ ਦੁਕਾਨ ਤੇ ਸੰਤ ਮਿਰਚਾਂ ਵਾਲੇ ਆ ਗਏ। ਇਨ੍ਹਾਂ ਸੰਤਾਂ ਨੂੰ ਮਿਰਚਾਂ ਖਾਣੇ ਸੰਤ ਕਹਿੰਦੇ ਸਨ। ਇਨ੍ਹਾਂ ਦਾ ਪ੍ਰਸੰਗ ਪਹਿਲੇ ਹਿੱਸੇ ਵਿੱਚ ਵੀ ਬਾਬਾ ਜੀ ਨਾਲ ਮਿਲਾਪ ਬਾਰੇ ਆ ਚੁੱਕਾ ਹੈ। ਜਿਹੜੀ ਚੀਜ਼ ਵੀ ਸੰਤ ਜੀ ਖਾਂਦੇ ਸਨ, ਸਬਜ਼ੀ ਨਾਲੋਂ ਦੁਗਣੀਆਂ ਮਿਰਚਾਂ ਪਾਉਂਦੇ ਸਨ। ਭਾਵ ਕਿ ਹਰ ਇੱਕ ਵਸਤੂ ਖਾਣ ਤੋਂ ਪਹਿਲਾਂ ਦੁਗਣੀਆਂ ਮਿਰਚਾਂ ਪਾਉਂਦੇ ਸਨ। ਦਹੀਂ ਜ਼ਿਆਦਾ ਖਾਂਦੇ ਦੁਗਣੀਆਂ ਮਿਰਚਾ ਪਾ ਕੇ। ਉਨ੍ਹਾਂ ਚਿੱਟੇ ਕੱਪੜੇ ਪਾਏ ਹੋਏ ਸਨ। ਉਸ ਦੀ ਦੁਕਾਨ ਉੱਪਰ ਆ ਗਏ। ਇੱਕ ਲਛਮਣ ਦਾਸ ਦਾ ਭਰਾ ਭਾਨੂੰ ਰਾਮ ਸੀ। ਜਿਸ ਦਾ ਇਨ੍ਹਾਂ ਸੰਤਾ ਉੱਪਰ ਕੋਈ ਭਰੋਸਾ ਨਹੀਂ ਸੀ ਤੇ ਲਛਮਣ ਦਾਸ ਕੋਲ ਸੰਤ ਜੀ ਆਉਂਦੇ ਜਾਂਦੇ ਸਨ। ਇੱਕ ਵਾਰੀ ਲਛਮਣ ਦਾਸ ਦੇ ਘਰੋਂ ਮਿਰਚਾਂ ਵਾਲੇ ਸੰਤ ਜੀ ਚਲੇ ਗਏ ਤੇ ਪੰਦਰਾਂ ਦਿਨ ਵਾਪਸ ਨਾ ਆਏ। ਸੰਤਾ ਦੇ ਸੇਵਕ ਕਰਕੇ ਲਛਮਣ ਦਾਸ ਦੇ ਮਨ ਵਿੱਚ ਚਿੰਤਾ ਹੋਣ ਲੱਗੀ ਕਿ ਇਤਨੇ ਦਿਨ ਹੋ ਗਏ ਬਾਬਾ ਜੀ ਕਿੱਧਰ ਚਲੇ ਗਏ।

ਇਕ ਦਿਨ ਲਛਮਣ ਦਾਸ ਜੀ ਨੂੰ ਸੁਪਨੇ ਵਿੱਚ ਸੰਤ ਮਿਰਚਾਂ ਵਾਲਿਆਂ ਨੇ ਦੱਸਿਆ ਕਿ ਰੂੰ ਦਾ ਭਾਅ 18 ਰੁਪਏ ਤੋਂ 20 ਹੋ ਗਿਆ। ਅਗਲੀ ਸਵੇਰੇ ਲਛਮਣ ਦਾਸ ਨੂੰ ਪਤਾ ਲੱਗਾ ਕਿ ਮਿਰਚਾਂ ਖਾਣੇ ਸੰਤ ਬਰਨਾਲੇ ਆਏ ਹੋਏ ਹਨ। ਜਿਸ ਵੇਲੇ ਲਛਮਣ ਦਾਸ ਨੂੰ ਪਤਾ ਲੱਗਾ ਤਾ ਉਹ ਵੀ ਦਰਸ਼ਨ ਵਾਸਤੇ ਉਥੇ ਪਹੁੰਚ ਗਿਆ। ਤਾ ਅੱਗੇ ਸੰਤ ਜੀ ਬੋਲੇ, ਲਛਮਣ ਦਾਸਾ ਕੀ ਹਾਲ ਹੈ। ਫਿਰ ਸੰਤ ਜੀ ਨੇ ਬਚਨ ਕੀਤਾ ਤੇ ਲਛਮਣ ਦਾਸ ਨੇ ਹੋਰ ਕੋਈ ਸੱਟੇ (ਵਪਾਰ) ਬਾਰੇ ਗੱਲ ਪੁੱਛੀ ਤਾਂ ਸੰਤ ਜੀ ਨੇ ਕਿਹਾ

ਕਿ ਸਾਨੂੰ ਤਾਂ ਇਕੀ ਰੁਪਏ ਵੱਧ ਕੇ ਅਵਾਜ਼ ਆਈ ਹੈ। ਤਾਂ ਫਿਰ ਇਸ ਰੂੰ ਦਾ ਭਾਅ ਥੋੜੇ ਚਿਰ ਵਿੱਚ ਹੀ 32 ਰੁਪਏ ਹੋ ਗਿਆ ਤਾਂ ਲਛਮਣ ਦਾਸ ਨੂੰ ਕਾਫੀ ਮੁਨਾਫਾ ਹੋਇਆ।

ਇਕ ਵਾਰੀ ਲਛਮਣ ਦਾਸ ਕੋਲ ਦੋ ਮਹਾਤਮਾ ਜੀ ਆਏ ਜੋ ਕਿ ਵੇਖਣ ਨੂੰ ਛੋਟੀ ਉਮਰ ਦੇ ਲੱਗਦੇ ਸੀ। ਉਨ੍ਹਾਂ ਨੇ ਕਿਹਾ ਕਿ ਅਸੀਂ ਸੰਤ ਮਿਰਚਾਂ ਵਾਲਿਆਂ ਦੇ ਦਰਸ਼ਨ ਕਰਨੇ ਹਨ। ਲਛਮਣ ਦਾਸ ਨੇ ਕਿਹਾ ਕਿ ਉਹ ਤਾਂ ਬੇਪਰਵਾਹ ਹਨ ਪਤਾ ਨਹੀਂ ਕਿ ਆਪਣੇ ਕਮਰੇ ਦਾ ਬਾਰ ਖੋਲਣ ਕੇ ਨਾ ਖੋਲਣ। ਉਹ ਸੰਤ ਜੀ ਪਾਸ ਚਲੇ ਗਏ। ਉਨ੍ਹਾਂ ਦੀ ਅਵਾਜ਼ ਮਾਰਨ ਤੋਂ ਪਹਿਲਾਂ ਹੀ ਸੰਤਾਂ ਨੇ ਆਪਣੇ ਕਮਰੇ ਦਾ ਦਰਵਾਜ਼ਾ ਖੋਲ ਦਿੱਤਾ। ਮੱਥਾ ਟੇਕਿਆ, ਬੈਠ ਗਏ ਤੇ ਅੰਦਰ ਉਨ੍ਹਾਂ ਕੋਲ ਅੰਬ ਪਏ ਸਨ। ਤੇ ਉਨ੍ਹਾਂ ਮਹਾਤਮਾਂ ਨੂੰ ਸੰਤ ਜੀ ਨੇ ਅੰਬ ਚੂਪਣ ਵਾਸਤੇ ਦਿੱਤੇ ਤੇ ਲਛਮਣ ਦਾਸ ਉਨ੍ਹਾਂ ਵਾਸਤੇ ਰੋਟੀ ਲੈਣ ਚਲਾ ਗਿਆ। ਜਦੋਂ ਘਰੋਂ ਹੋ ਕੇ ਵਾਪਸ ਆਇਆ ਤਾਂ ਕੀ ਵੇਖਿਆ ਕਿ ਸੰਤ ਜੀ ਇਕੱਲੇ ਬੈਠ ਸਨ ਉਹ ਦੋ ਮਹਾਤਮਾ ਨਹੀਂ ਸਨ। ਜਦੋਂ ਲਛਮਣ ਦਾਸ ਜੀ ਨੇ ਮਿਰਚਾਂ ਖਾਨੇ ਸੰਤ ਜੀ ਨੂੰ ਪੁੱਛਿਆ ਕਿ ਉਹ ਦੋ ਮਹਾਤਮਾਂ ਕਿਥੋਂ ਆਏ ਸਨ ਤੇ ਕਿਥੇ ਗਏ ਹਨ। ਸੰਤ ਜੀ ਬੋਲੇ ਕਿ ਉਹ ਤਾਂ ਦਿੱਲੀ ਪਹੁੰਚ ਗਏ। ਦਿੱਲੀ ਦੇ ਦਰਵਾਜ਼ੇ ਤੋਂ ਅੰਦਰ ਲੰਘ ਗਏ ਤੇ ਨਾਲ ਹੀ ਬਚਨ ਕੀਤਾ ਕਿ ਇਹੋ ਜਿਹੇ ਮਹਾਤਮਾ ਦੀ ਸੇਵਾ ਕਰਨੀ ਚਾਹੀਦੀ ਹੈ। ਜਦੋਂ ਲਛਮਣ ਦਾਸ ਜੀ ਨੇ ਪੁੱਛਿਆ ਕਿ ਇਹ ਮਹਾਤਮਾ ਕੌਣ ਸਨ ਤਾਂ ਉਨ੍ਹਾਂ ਕਿਹਾ ਕਿ ਇਹ ਬੜੇ ਉੱਚ ਕੋਟੀ ਦੇ ਮਹਾਤਮਾ ਸਨ। ਜਿਥੋਂ ਲੰਘ ਜਾਣ ਅੱਕਾਂ ਨੂੰ ਮਿਸ਼ਰੀ ਵੀ ਲੱਗ ਸਕਦੀ ਹੈ। ਜੇ ਤੂੰ ਉਨ੍ਹਾਂ ਦੇ ਨਾਂ ਪੁੱਛਣੇ ਹਨ ਤਾਂ ਨਾਂ ਵੀ ਦੱਸ ਦਿੰਦੇ ਹਾਂ। ਇਨ੍ਹਾਂ ਦੇ ਨਾਮ ਗੋਪੀ ਚੰਦ ਤੇ ਭਰਥਰੀ ਜੀ ਸਨ।

ਇਹ ਬਚਨ ਨੌਰ ਚੰਦ ਆਸਾ ਰਾਮ ਤੇ ਲਛਮਣ ਦਾਸ ਦਾ ਪਰਿਵਾਰ ਠੀਕਰੀ ਵਾਲਿਆਂ ਤੋਂ ਮਿਲੇ ਹਨ।

# ਤੂ ਆਪੇ ਆਪਿ ਆਪਿ ਸਭੁ ਕਰਤਾ ਕੋਈ ਦੂਜਾ ਹੋਇ ਸੁ ਅਵਰੋ ਕਹੀਐ

*(ਅੰਗ ੫੯੪)*

ਇਕ ਭਾਈ ਵਜੀਰ ਸਿੰਘ ਕੱਚੀ ਭੁੱਚੋਂ ਦਾ ਰਹਿਣ ਵਾਲਾ ਬਾਬਾ ਜੀ ਦੀ ਸੇਵਾ ਵਿੱਚ ਦੁੱਧ ਲੈ ਕੇ ਆਇਆ ਕਰਦਾ ਸੀ। ਉਸ ਨੇ ਰੋਜ਼ ਦੇ ਨਿਯਮ ਅਨੁਸਾਰ ਦੁੱਧ ਚੋਇਆ ਤੇ ਦੋਹਣੇ ਵਿੱਚ ਪਾਇਆ ਜੋ ਕਿ ਪੂਰਾ ਭਰਿਆ ਨਹੀਂ ਸੀ ਮਨ ਵਿੱਚ ਕੁਝ ਸ਼ੰਕਾ ਪੈਦਾ ਹੋਈ ਕਿ ਇਹ ਪੂਰਾ ਭਰਿਆ ਨਹੀਂ ਜਿਸ ਕਰਕੇ ਇਸ ਦੀ ਛਲਕ ਵੱਜੇਗੀ ਦੁੱਧ ਹੋਰ ਨਹੀਂ ਮਿਲ ਸਕਦਾ ਸੀ। ਚਲੋ ਉਸੇ ਤਰ੍ਹਾਂ ਜਿਤਨਾਂ ਦੁੱਧ ਸੀ ਲੈ ਕੇ ਚੱਲ ਪਿਆ। ਪਰ ਇਨ੍ਹਾਂ ਗਿਣਤੀਆਂ-ਮਿਣਤੀਆਂ ਵਿੱਚ ਹੌਲੀ-ਹੌਲੀ ਤੁਰਿਆ ਆਉਂਦਾ ਸੀ ਕਿ ਦੁੱਧ ਕਿਤੇ ਡੁੱਲ ਵੀ ਨਾ ਜਾਵੇ। ਅਗੋਂ ਰਾਹ ਵਿਚੋਂ ਕੋਈ ਕੱਸੀ ਦਾ ਖਾਲਾ ਲੰਘਣਾ ਪੈਂਦਾ ਸੀ। ਲੰਘਣ ਸਮੇਂ ਉਹ ਦੁੱਧ ਦਾ ਦੋਹਣੇ ਸਿਰ ਤੋਂ ਥੱਲੇ ਆ ਪਿਆ। ਹੈਰਾਨੀ ਇਸ ਗੱਲ ਦੀ ਹੋਈ ਕਿ ਦੋਹਣਾ ਡਿੱਗ ਤਾਂ ਪਿਆ, ਪਰ ਦੁੱਧ ਬਿਲਕੁਲ ਵੀ ਡੁੱਲ੍ਹਿਆ ਨਹੀਂ। ਉਸਨੇ ਦੋਹਣਾ ਸਾਫ ਕਰਕੇ ਫਿਰ ਸਿਰ ਉਪਰ ਚੁੱਕ ਲਿਆ। ਉਸੇ ਤਰ੍ਹਾਂ ਸੰਕੋਚ ਨਾਲ ਤੁਰਦਾ ਤੁਰਦਾ ਬਾਬਾ ਜੀ ਪਾਸ ਪਹੁੰਚ ਗਿਆ ਬਾਬਾ ਜੀ ਨੇ ਅਗੋਂ ਸਮਝਾਇਆ ਕਿ ਜਿਹੜਾ ਦੁੱਧ ਸਾਡਾ ਸੀ, ਜਿਨ੍ਹਾਂ ਸਾਨੂੰ ਨਿਰੰਕਾਰ ਨੇ ਦੇਣਾ ਸੀ ਉਹ ਡੁਲ੍ਹਿਆਂ ਨਹੀਂ। ਤੇਰੇ ਮਨ ਵਿੱਚ ਫੁਰਨੇ ਬਣਦੇ ਰਹੇ। ਪਰ ਸਾਨੂੰ ਪ੍ਰਮਾਤਮਾ ਨੇ ਇਤਨਾ ਹੀ ਦੇਣਾ ਸੀ। ਸਾਡਾ ਦੁੱਧ ਹੋਣ ਕਰਕੇ ਡੁੱਲ੍ਹਿਆ ਨਹੀਂ। ਇਹ ਤੇਰੇ ਮਨ ਵਿੱਚ ਜੋ ਫੁਰਨੇ ਬਣਦੇ ਸਨ। ਉਹ ਤੈਨੂੰ ਵਿਖਾਏ ਹਨ ਕਿ ਜੋ ਸਾਨੂੰ ਪ੍ਰਮਾਤਮਾ ਨੇ ਦੇਣਾ ਹੈ, ਉਹੀ ਦੇਣਾ ਹੈ।

ਵਜ਼ੀਰ ਸਿੰਘ ਬੇਨਤੀ ਕੀਤੀ ਕਿ ਸਾਨੂੰ ਮਹਾਰਾਜ ਇਸ ਤਰ੍ਹਾਂ ਰਹਿੰਦਾ ਹੈ ਕਿ ਅਸੀਂ ਵੱਧ ਤੋਂ ਵੱਧ ਸੇਵਾ ਕਰੀਏ ਤਾਂ ਕਿ ਕੋਈ ਕਮੀ ਨਾ ਰਹਿ ਜਾਏ। ਬਾਬਾ ਜੀ ਨੇ ਫੁਰਮਾਈਆ, ''ਕਿ ਸਾਨੂੰ ਆਪਣੇ ਸੇਵਕਾਂ

ਦੇ ਮਨ ਦੇ ਸੰਸੇ ਕੱਢਣ ਵਾਸਤੇ ਕੋਈ ਨਾ ਕੋਈ ਕਉਤਕ ਵਰਤਾਉਣਾ ਪੈਂਦਾ ਹੈ।"

ਉਪਰੰਤ ਵਜ਼ੀਰ ਸਿੰਘ ਮੁਆਫੀ ਮੰਗੀ ਤੇ ਜਾਣ ਦੀ ਆਗਿਆ ਮੰਗੀ। ਪਰ ਬਾਬਾ ਜੀ ਨੇ ਜਾਣ ਦੀ ਆਗਿਆ ਨਾ ਦਿੱਤੀ। ਅਗਲੇ ਦਿਨ ਵਜ਼ੀਰ ਸਿੰਘ ਦਾ ਲੜਕਾ ਪਹੁੰਚ ਗਿਆ। ਉਸ ਦਿਨ ਫਿਰ ਵਜ਼ੀਰ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਨੂੰ ਉਡੀਕ ਕੇ ਘਰਦਿਆਂ ਨੇ ਮੁੰਡੇ ਨੂੰ ਭੇਜਿਆ ਹੈ। ਤੇ ਫਿਰ ਵੀ ਵਜ਼ੀਰ ਸਿੰਘ ਤੇ ਉਸ ਦੇ ਪੁੱਤਰ ਨੂੰ ਆਗਿਆ ਨਾ ਮਿਲੀ। ਫਿਰ ਤੀਸਰੇ ਦਿਨ ਇਨ੍ਹਾਂ ਦਾ ਸੀਰੀ ਘਰੋਂ ਲੈਣ ਵਾਸਤੇ ਆਇਆ। ਜਦੋਂ ਫਿਰ ਤੀਸਰੇ ਦਿਨ ਬੇਨਤੀ ਕੀਤੀ ਬਾਬਾ ਜੀ ਬਚਨ ਕੀਤਾ ਸ਼ੁੱਧ ਹੈ, ਜਾਓ!" ਆਗਿਆ ਨਾ ਦੇਣ ਦਾ ਕਾਰਨ ਪੁੱਛਿਆ ਤਾ ਮਹਾਰਾਜ ਜੀ ਬੋਲੇ, ਤੇਰਾ ਕੋਈ ਕਸ਼ਟ ਦੂਰ ਕੀਤਾ ਹੈ। ਹੁਣ ਘਰ ਜਾਓ। ਸ਼ੁੱਧ ਹੈ।"

ਉਪਰੰਤ ਵਜ਼ੀਰ ਸਿੰਘ ਨੂੰ ਤੇ ਉਸ ਦੇ ਪੁੱਤਰ ਤੇ ਨਾਲ ਹੀ ਇਨ੍ਹਾਂ ਦਾ ਸੀਰੀ ਤਿੰਨਾਂ ਨੂੰ ਆਗਿਆ ਦੇ ਦਿੱਤੀ।

ਇਹ ਬਚਨ ਵਜ਼ੀਰ ਸਿੰਘ ਕੱਚੀ ਭੁੱਚੋਂ ਦੇ ਪੋਤਰੇ ਪਾਸੋਂ ਮਿਲਿਆ।

## ਜੈਸਾ ਕਰੇ ਸੁ ਤੈਸਾ ਪਾਏ
## ਅਭਿਮਾਨੀ ਕੀ ਜੜ ਸਰਪਰ ਜਾਏ

*(ਅੰਗ ੮੬੯)*

ਬਾਬਾ ਜੀ ਦੇ ਸਮੇਂ ਵਿੱਚ ਇਹੋ ਜਿਹਾ ਸਮਾਂ ਵੀ ਸੀ ਜਿਸ ਵਿੱਚ ਪਾਣੀ ਦਾ ਬੜਾ ਤੋੜਾ ਰਹਿੰਦਾ ਸੀ। ਇੱਕ ਵਾਰੀ ਪਾਣੀ ਦਾ ਇਤਨਾ ਤੋੜਾ ਪਿਆ ਕਿ ਬਾਬਾ ਜੀ ਦੇ ਇਸ਼ਨਾਨ ਕਰਨ ਵਾਲੇ ਛੱਪੜ ਜੋ ਕਿ ਟਿੱਲਾ ਸਾਹਿਬ ਦੇ ਪਿਛਲੇ ਪਾਸੇ ਨੇੜੇ ਹੀ ਸੀ ਵਿਚੋਂ ਪਾਣੀ ਬਿਲਕੁਲ ਘੱਟ ਗਿਆ। ਪਾਣੀ ਦੀ ਤੰਗੀ ਸਾਰੇ ਨਗਰ ਵਿੱਚ ਹੋ ਗਈ। ਬਾਬਾ ਜੀ ਨੇ ਨਾਲੀ ਦਾ ਪਾਣੀ (ਜਿਸ ਵਿੱਚ ਨਹਿਰ ਦਾ ਪਾਣੀ ਵਗਦਾ ਸੀ) ਵੱਢ ਕੇ ਛੱਪੜ ਭਰਨ ਦਾ ਹੁਕਮ ਦਿੱਤਾ। ਤੇ ਨਗਰਾ ਵਾਲੇ ਸੇਵਕਾਂ ਨੇ ਹੁਕਮ ਅਨੁਸਾਰ ਛੱਪੜ ਭਰ ਲਿਆ। ਜਦੋਂ ਛੱਪੜ ਭਰਿਆ ਨਹਿਰੀ ਪਟਵਾਰੀ ਨੇ ਵੇਖਿਆ ਤਾਂ ਉਸ ਨੇ ਉੱਪਰ ਰਿਪੋਰਟ ਕਰ ਦਿੱਤੀ ਤੇ ਪਟਵਾਰੀ

ਦੀ ਰਿਪੋਰਟ ਸੁਣ ਕੇ ਐਸ ਡੀ ਓ ਅੰਗਰੇਜ਼ ਅਫਸਰ ਪੜਤਾਲ ਕਰਨ ਵਾਸਤੇ ਪਹੁੰਚ ਗਿਆ। ਉਸ ਨੇ ਮੌਕੇ ਤੇ ਪੂਰਾ ਵੱਡਾ ਛੱਪੜ ਪਾਣੀ ਦਾ ਭਰਿਆ ਦੇਖਿਆ। ਸਰਕਾਰੀ ਕਾਨੂੰਨ ਅਨੁਸਾਰ ਇਹ ਜ਼ੁਰਮ ਸੀ। ਅਖੀਰ ਪੂਰੀ ਤਰ੍ਹਾਂ ਪੜਤਾਲ ਕਰਨ ਤੇ ਪਤਾ ਲੱਗਾ ਕਿ ਜੋ ਕੁਝ ਵੀ ਕੀਤਾ ਹੈ ਇਹ ਸੰਤਾਂ ਵਲੋਂ ਹੋਇਆ ਹੈ। ਉਨ੍ਹਾਂ ਨੇ ਹੀ ਪਾਣੀ ਵੰਡਿਆ ਹੈ। ਮਹਾਂਪੁਰਖਾਂ ਨੇ ਦੁਨਿਆਵੀਂ ਕਾਨੂੰਨ ਤੋਂ ਉੱਪਰ ਰਹਿਣ ਵਾਲੇ ਕੰਮ ਕਰਵਾਏ ਸਰਬੱਤ ਦੇ ਭਲੇ ਵਾਸਤੇ। ਪਰ ਕੰਮ ਉਲਟਾ ਪੈ ਗਿਆ। ਵਿਰੋਧੀਆਂ ਨੂੰ ਮੌਕਾ ਮਿਲ ਗਿਆ। ਸ਼ਕਾਇਤਾਂ ਕਰਨ ਦਾ। ਜੋ ਕੁਝ ਵੀ ਕੀਤਾ ਸੀ ਸਭ ਨਗਰ ਵਾਲਿਆ ਨੇ ਮਿਲ ਕੀਤਾ ਸੀ।

ਉਸ ਮੌਕੇ ਤੇ ਕੋਈ ਵੀ ਅੱਗੇ ਨਾ ਆਇਆ ਕਿਉਂਕਿ ਅੰਗਰੇਜ਼ਾਂ ਦਾ ਰਾਜ ਹੋਣ ਕਰਕੇ ਲੋਕੀਂ ਡਰਦੇ ਸਨ। ਸਭ ਨੇ ਆਪਣਾ ਖਹਿੜਾ ਛੁਡਾਉਣ ਵਾਸਤੇ ਬਾਬਾ ਜੀ ਨੂੰ ਅੱਗੇ ਕਰ ਦਿੱਤਾ ਕਿਉਂਕਿ ਸਰਕਾਰ ਸੰਤਾ ਨੂੰ ਕੀ ਆਖਣਾ। ਅਖੀਰ ਨੂੰ ਅੰਗਰੇਜ਼ ਅਫਸਰ ਸੀ। ਉਨ੍ਹਾਂ ਨੂੰ ਕੋਈ ਸਾਧੂ ਪੁਰਖ ਦੀ ਪਰਖ ਨਹੀਂ ਸੀ ਤੇ ਹੰਕਾਰ ਵੀ ਸੀ। ਹਕੂਮਤ ਦਾ ਨਸ਼ਾ ਐਸਾ ਹੀ ਹੁੰਦਾ ਹੈ। ਉਹ ਆਪਣਾ ਰੋਅਭ ਜਮਾਉਂਦਾ ਹੈ। ਮਹਾਂ ਪੁਰਖਾਂ ਦੀ ਇਨਾਂ ਨੂੰ ਕੋਈ ਵੀ ਕਦਰ ਨਹੀਂ ਹੁੰਦੀ। ਉਸ ਨੇ ਬਾਬਾ ਜੀ ਨੂੰ ਮਾਮੂਲੀ ਸਾਧ ਸਮਝ ਕੇ ਪੁੱਛ ਪੜਤਾਲ ਕਰਕੇ ਟਿੱਲੇ ਉਪਰ ਜਾ ਪਹੁੰਚਿਆ। ਗੱਲਾਂ-ਗੱਲਾਂ ਵਿੱਚ ਪਹਿਲਾਂ ਸਰਕਾਰੀ ਰੋਅਭ ਵਿਖਾਇਆ। ਜਦੋਂ ਉਨ੍ਹਾਂ ਵੇਖਿਆ ਕਿ ਮੇਰੇ ਤੇ ਨਿਰਭੈ ਬੋਲਦੇ ਹਨ ਤੇ ਫਿਰ ਸਰੀਰ ਕਰਕੇ ਵੀ ਬਾਬਾ ਜੀ ਨੂੰ ਧੱਕੇ ਮਾਰੇ। ਬਾਬਾ ਜੀ ਦੇ ਆਪਣੇ ਨਾਲ ਦੇ ਸਾਥੀ ਤੋਂ ਸੋਟੀ ਲੈ ਕੇ ਉਹ ਵੀ ਮਾਰੀ। ਬਾਬਾ ਜੀ ਆਪਣੇ ਆਸਣ ਤੋਂ ਥੱਲੇ ਡਿੱਗ ਪਏ। ਫਿਰ ਵੀ ਉਸ ਨੇ ਬੱਸ ਨਾ ਕੀਤੀ ਤੇ ਬਾਬਾ ਜੀ ਦੇ ਦਾੜ੍ਹੇ ਨੂੰ ਹੱਥ ਪਾਇਆ। ਜਿਸ ਵੇਲੇ ਦਾੜ੍ਹੇ ਨੂੰ ਹੱਥ ਪਾਇਆ ਤਾਂ ਉਸ ਵੇਲੇ ਬਚਨ ਕੀਤਾ। ਸ਼ੇਰ ਵਰਗੀ ਅਵਾਜ਼ ਵਿੱਚ ਆ ਕੇ ਗਰਜ਼ ਮਾਰੀ ਨਰ ਸਿੰਘ ਦਾ ਰੂਪ ਧਾਰਨ ਕਰ ਲਿਆ। ਬਚਨ ਕੀਤਾ ਇਤਨੀਆ ਸੋਟੀਆਂ ਖਾ ਕੇ ਤੈਨੂੰ ਮੁਆਫ ਕਰਦੇ ਰਹੇ। ਹੁਣ ਤੂੰ ਗੁਰੂ ਦੇ ਬਖਸ਼ੇ ਹੋਏ ਰੋਮਾਂ ਤੇ ਵੀ ਹੱਥੀ ਸੰਕੋਚ ਨਹੀਂ ਕੀਤਾ ਤੇ ਫਿਰ ਐਸਾ ਬਚਨ ਮੂੰਹ ਵਿਚੋਂ ਨਿਕਾਲਿਆ ਤੇ ਉਹ ਬਚਨ ਸਹਾਰ ਨਾ ਸਕਿਆ। ਉਸ

ਉਪਰ ਕੋਈ ਐਸੀ ਝਪਟ ਪਈ ਕਿ ਉਹ ਰੁੜਦਾ-ਰੁੜਦਾ ਟਿੱਲੇ ਤੋਂ ਥੱਲੇ ਆ ਗਿਆ। ਰਿੜਦਾ-ਰਿੜਦਾ ਉਸ ਦੀ ਕਰਨੀ ਦਾ ਫਲ ਮਿਲਿਆ ਤਾਂ ਵਾਪਸ ਚਲਾ ਗਿਆ। ਬਾਅਦ ਵਿੱਚ ਹੋਰ ਵੀ ਦੁੱਖ ਤਕਲੀਫਾਂ ਹੋਈਆਂ। ਸਾਰੇ ਪਰਿਵਾਰ ਵਿੱਚ ਇਤਨੀਆ ਦੁੱਖ ਤਕਲੀਫਾਂ ਹੋਈਆਂ ਜੋ ਕਿ ਕਹਿਣ ਤੋਂ ਬਾਹਰ ਹਨ। ਆਖਿਰ ਤੇ ਉਸ ਵਲੋਂ ਵੀ ਤੇ ਉਸ ਵੀ ਤੇ ਪਰਿਵਾਰ ਵਲੋਂ ਵੀ ਬੜੀਆਂ ਬੇਨਤੀਆ ਕੀਤੀਆਂ ਗਈਆਂ। ਪਰ ਕੋਈ ਨਾ ਸੁਣੀ।

**ਸੰਤ ਕਾ ਲੀਆ ਧਰਤਿ ਬਿਦਾਰਉ**
**ਸੰਤ ਕਾ ਨਿੰਦਕੁ ਅਕਾਸ ਤੇ ਟਾਰਉ**

*ਅੰਗ ੮੬੭*

ਇਸ ਬਚਨ ਅਨੁਸਾਰ ਉਸ ਮਹਾਂ ਪਾਪੀ ਦੀ ਬਹੁਤ ਦੁਰ-ਦਸ਼ਾ ਹੋਈ ਅਤੇ ਬਹੁਤ ਬੁਰੀ ਤਰ੍ਹਾਂ ਭਟਕਦਾ ਰਿਹਾ।

ਇਹ ਬਚਨ ਮਾਤਾ ਪਿਤਾ ਪਾਸੋਂ ਲੇਖਕ ਨੇ ਕਈ ਵਾਰ ਸੁਣਿਆ।

ਉਪਰੰਤ ਬਾਬੇ ਬੁੱਧ ਸਿੰਘ ਦੇ ਪੋਤਰੇ ਗੁਲਵੰਡ ਸਿੰਘ ਢਿਲੋਂ ਨੇ ਤਸਦੀਕ ਕੀਤੀ ਤੇ ਲਿਖਿਆ।

ਇਹ ਬਚਨ ਬੁੱਧ ਸਿੰਘ ਢਿਲੋਂ ਦੇ ਪੋਤਰੇ ਪਾਸੋਂ ਮਿਲਿਆ।

## 2

ਜਿਸ ਸਮੇਂ ਬਾਬਾ ਜੀ ਮਹਾਰਾਜ ਰੂਮੀ ਰਹਿੰਦੇ ਸਨ, ਉਸ ਸਮੇਂ ਦੀ ਇੱਕ ਨਹਿਰ ਦੇ ਸਰਵੇ ਕਰਨ ਸਮੇਂ ਜਿਥੇ ਬਾਬਾ ਜੀ ਦਾ ਆਸਣ ਸੀ ਉਹ ਜਗ੍ਹਾਂ ਵਿੱਚ ਆਉਂਦੀ ਸੀ। ਉਸ ਸਮੇਂ ਨਹਿਰ ਦੀ ਪੁਟਾਈ ਕਰਵਾਉਣ ਸਮੇਂ ਬਾਬਾ ਜੀ ਨੂੰ ਉਠਣ ਵਾਸਤੇ ਕਿਹਾ ਸੀ। ਪਰੰਤੂ ਮਹਾਂਪੁਰਖ ਦਾ ਆਸਣ ਲੱਗਣਾ ਅਤੇ ਉਠਣਾ ਕਿਸੇ ਰੱਬੀ ਹੁਕਮ ਵਿੱਚ ਹੁੰਦਾ ਹੈ। ਪਰ ਦੁਨਿਆਵੀਂ ਬੰਦੇ ਦੀ ਸਮਝ ਤੋਂ ਪਰੇ। ਇਹ ਗੱਲਾਂ ਹੋਣ ਕਰਕੇ ਬੰਦਾ ਸਮਝ ਨਹੀਂ ਸਕਦਾ। ਉਹ ਆਪਣੀ ਮਰਜ਼ੀ ਅਨੁਸਾਰ ਹੀ ਸੋਚਦਾ ਹੈ। ਨਹਿਰ ਮਹਿਕਮੇ ਦੇ ਅਫਸਰ ਨੇ ਵੀ ਬਾਬਾ ਜੀ ਨੂੰ ਦੋ ਧੱਕੇ ਮਾਰੇ ਸਨ ਉਪਰੰਤ ਹਜ਼ੂਰ ਉਸਨੂੰ ਵੀ ਬਚਨ

ਕੀਤਾ ਸੀ ਤੂੰ ਸਾਨੂੰ ਦੋ ਧੱਕੇ ਮਾਰੇ ਹਨ। ਤੈਨੂੰ ਇਨ੍ਹਾਂ ਦਾ ਸਵੇਰੇ ਫਲ ਮਿਲੇਗਾ" ਉਪਰੰਤ ਉਸਦੇ ਦੋ ਲੜਕੇ ਸਨ ਅਤੇ ਦੋਵੇਂ ਹੀ ਮਰ ਗਏ। ਅਗਲੇ ਦਿਨ ਉਸ ਕੋਲ ਖਬਰ ਆਈ। ਉਸ ਅਸਥਾਨ ਉਪਰ ਨਹਿਰ ਦੀ ਪੁਟਾਈ ਸਮੇਂ ਨਹਿਰੀ ਸੂਆ ਵੱਲ ਪਾ ਕੇ ਕੱਢਿਆ ਗਿਆ ਹੈ। ਇਸ ਦਾ ਪ੍ਰਤੱਖ ਸਬੂਤ ਹੈ। ਉਪਰੰਤ ਉਸ ਅਫਸਰ ਨੇ ਬਹੁਤ ਖਿਮਾ ਮੰਗੀ। ਫਿਰ ਮੇਹਰ ਦੇ ਘਰ ਵਿੱਚ ਆ ਕੇ ਉਸ ਤੇ ਕ੍ਰਿਪਾ ਹੋਈ ਤੇ ਉਸਨੂੰ ਅਫਸਰੀ ਦਾ ਹੰਕਾਰ ਛੱਡ ਕੇ ਨਾਮ ਜਪਣ ਦਾ ਹੁਕਮ ਹੋਇਆ ਤਾਂ ਫਿਰ ਜਾ ਕੇ ਖਿਮਾ ਮਿਲੀ।

ਇਹ ਬਚਨ ਵੱਡੇ ਝੰਡਾ ਸਿੰਘ ਸੇਮੇ ਵਾਲੇ ਪਾਸੋਂ ਮਿਲਿਆ।

## ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥

*(ਅੰਗ ੧੫੭)*

ਇਕ ਸੇਠ ਆਪਣੇ ਪੁੱਤਰ ਦੇ ਵਿਆਹ ਵਿੱਚ ਨਵੀਂ ਵਿਆਹੀ ਨੂੰਹ ਨੂੰ ਲੈ ਕੇ ਮੱਥਾ ਟੇਕਣ ਲਈ ਸਣੇ ਪਰਿਵਾਰ ਆਇਆ। ਸਾਰਿਆਂ ਦਾ ਨਾਮ, ਥਾਂ ਪੁੱਛਣ ਉਪਰੰਤ ਬਾਬਾ ਜੀ ਆਪਣੇ ਨਿਯਮ ਅਨੁਸਾਰ ਸਭ ਦੀ ਸ਼ਰਾ ਕਰਵਾਈ। ਜਿਸ ਤੇ ਵਿਸ਼ੇਸ਼ ਕ੍ਰਿਪਾ ਹੁੰਦੀ ਉਸਦੀ ਸਾਰੀ ਮਰਿਯਾਦਾ ਆਪ ਆਪਣੇ ਹੱਥੀ ਕਰਦੇ ਅਤੇ ਨਾਲ ਉਸਨੂੰ ਸਿੱਖਿਆ ਦਿੰਦੇ ਤੇ ਵਾਹਿਗੁਰੂ-ਵਾਹਿਗੁਰੂ ਜਪਾਉਂਦੇ ਜੇ ਹਿੰਦੂ ਹੁੰਦਾ ਤਾਂ ਰਾਮ ਕਹਾਉਂਦੇ, ਜੇ ਮੁਸਲਮਾਨ ਹੁੰਦਾ ਤਾਂ ਕਲਮਾ ਪੜ੍ਹਨ ਲਈ ਹੁਕਮ ਦੀ ਪਾਲਣਾ ਸਭ ਲਈ ਜ਼ਰੂਰੀ ਹੁੰਦੀ ਸੀ। ਇੱਕ ਮਹਾਂਪੁਰਖ ਦੇ ਦਰਸ਼ਨ ਤੇ ਨਾਲ-ਨਾਲ ਹੀ ਸਿਮਰਨ ਕਰਨ ਨਾਲ ਰੋਗੀ ਬੰਦੇ ਉਪਰ ਅਨੋਖਾ ਹੀ ਅਸਰ ਪੈਂਦਾ ਸੀ। ਪਰ ਇਸ ਗੱਲ ਨੂੰ ਕੋਈ ਵਿਰਲਾ ਹੀ ਜਾਣਦਾ ਅਤੇ ਸਮਝਦਾ। ਨਾ ਸਮਝਣ ਕਰਕੇ ਕਈ ਵੇਰ ਉਲਟੀ ਗੱਲ ਬਣ ਜਾਂਦੀ ਸੀ। ਸੋ ਉਸ ਪਰਿਵਾਰ ਵਿੱਚ ਵੱਡੀ ਉਮਰ ਦਾ ਸੇਠ ਸੀ। ਉਸਦੇ ਮਨ ਵਿੱਚ ਕਈ ਤਰ੍ਹਾਂ ਦੇ ਗਲਤ ਖਿਆਲ ਪੈਦਾ ਹੋਏ ਸੰਗਤ ਵਿੱਚ ਬੋਲ ਕੇ ਬਾਬਾ ਜੀ ਦੇ ਮੁਤੱਲਕ ਅਪਮਾਨ ਵਾਲੇ ਸ਼ਬਦ ਕਹੇ। ਸਭ ਸੰਗਤ ਨੇ ਸੁਣੇ। ਉਪਰੰਤ ਬਾਬਾ ਜੀ ਨੇ ਉਸ

ਨਵੀਂ ਵਿਆਹੀ ਹੋਈ ਲੜਕੀ ਦੀ ਸਾਰੀ ਮਰਿਯਾਦਾ ਵਿਚੇ ਹੀ ਰੋਕ ਦਿੱਤੀ ਅਤੇ ਬਚਨ ਕੀਤਾ, ਅਸੀਂ ਤਾਂ ਗੁਰੂ ਨਾਨਕ ਦੀ ਕ੍ਰਿਪਾ ਨਾਲ ਇਸ ਕੰਨਿਆ ਤੇ ਕੋਈ ਬੜਾ ਬਿਖੜਾ ਸਮਾਂ ਲੰਘਾਉਣ ਲਈ ਸਾਰਾ ਕੁਝ ਕਰ ਕਰਾ ਰਹੇ ਸੀ ਪਰ ਜੇ ਤੈਨੂੰ ਨਹੀਂ ਸਮਝ ਤਾਂ ਚੁਪ ਹੀ ਕਰ ਜਾਂਦਾ। ਹੁਣ ਤੂੰ ਬੋਲ ਹੀ ਪਿਆ ਹੈਂ ਤੇਰੀ ਮਰਜ਼ੀ। ਜੋ ਕੁਝ ਭਾਣਾ ਵਰਤਨਾ ਹੈ ਤੂੰ ਆਪ ਵੇਖ ਲਵੀਂ। ਇਤਨਾ ਬਚਨ ਕਰਕੇ ਬਾਬਾ ਜੀ ਨੇ ਸਾਰੀ ਮਰਿਯਾਦਾ ਬੰਦ ਕਰ ਦਿੱਤੀ ਅਤੇ ਉਸ ਪਰਿਵਾਰ ਨੂੰ ਜਾਣ ਦਾ ਹੁਕਮ ਕਰ ਦਿੱਤਾ। ਉਪਰੰਤ ਇਹ ਬਚਨ ਸੱਤ ਹੋਇਆ। ਉਸ ਲੜਕੀ ਦੀ ਪਤੀ ਨਾਲ ਐਸੀ ਅਣਬਣ ਹੋਈ ਕਿ ਕਹਿਣ ਅਤੇ ਲਿਖਣ ਤੋਂ ਬਾਹਰ ਹੀ ਹੈ। ਗੁਰਵਾਕ ਹੈ।

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ**
**ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ॥**

*(ਅੰਗ ੧੫੭)*

ਇਹ ਪ੍ਰਸੰਗ ਗੁਲਵੰਤ ਸਿੰਘ ਢਿਲੋਂ ਪਾਸੋਂ ਪ੍ਰਾਪਤ ਹੋਇਆ।

## ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ ॥
## ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ ॥

*(ਅੰਗ ੫੯੭)*

ਹਾੜੀ ਦੀ ਵਾਢੀ ਖਤਮ ਹੋ ਚੁੱਕੀ ਸੀ। ਕਈਆਂ ਨੇ ਦਾਣੇ ਕੱਢ ਲਏ ਸਨ ਅਤੇ ਕਈਆਂ ਦੇ ਰਹਿੰਦੇ ਸਨ। ਬਾਬਾ ਜਗਤਾ ਸਿੰਘ ਢਿੱਲੋਂ ਵੀ ਦਾਣੇ ਕੱਢਣ ਵਿੱਚ ਪਛੜ ਗਿਆ ਸੀ ਅਤੇ ਪਿੜ ਵਿੱਚ ਹੀ ਬੈਠਾ ਸੀ। ਗਰਮੀ ਵੀ ਬੇਅੰਤ ਪੈਂਦੀ ਸੀ। ਸੰਤ ਗੰਡਾ ਸਿੰਘ ਜੀ ਨਿਰਮਲੇ ਭੁੱਚੋਂ ਤੋਂ ਉੱਤਰ ਕੇ ਸੇਮੇਂ ਨੂੰ ਜਾ ਰਹੇ ਸਨ। ਗਰਮੀ ਹੋਣ ਕਰਕੇ ਪਿਆਸ ਨਾਲ ਵਿਆਕੁਲ ਹੋਏ ਦਿਮਾਗ ਚੱਕਰ ਖਾ ਗਿਆ ਰਸਤਾ ਭੁੱਲ ਕੇ ਪਿੜ ਵਿੱਚ ਬਾਬਾ ਜਗਤਾ ਸਿੰਘ ਪਾਸੋਂ ਹੱਥ ਦੇ ਇਸ਼ਾਰੇ ਨਾਲ ਪਾਣੀ ਮੰਗਿਆ। ਬਾਬਾ ਜਗਤਾ ਸਿੰਘ ਨੇ ਪਾਣੀ ਦੀ ਭਰੀ ਹੋਈ ਛੋਟੀ ਮੱਘੀ ਵੱਲ ਇਸ਼ਾਰਾ ਕੀਤਾ ਅਤੇ ਪੀਣ

ਲਈ ਆਖਿਆ। ਸੰਤ ਗੰਡਾ ਸਿੰਘ ਜੀ ਇਤਨੇ ਤਿਹਾਏ ਸਨ ਸਾਰੀ ਮੱਘੀ ਪਾਣੀ ਦੀ ਲਗਾਤਾਰ ਪੀ ਗਏ। ਪਾਣੀ ਪੀਣ ਉਪਰੰਤ ਕੁਝ ਸਮਾਂ ਠਹਿਰਕੇ ਸੰਤਾਂ ਨੇ ਦਾਣੇ ਕੱਢਣ ਵਿੱਚ ਦੇਰ ਹੋਣ ਦਾ ਕਾਰਨ ਪੁੱਛਿਆ। ਅੱਗੋਂ ਬਾਬੇ ਜਗਤਾ ਸਿੰਘ ਨੇ ਕਿਹਾ ਬੰਦੇ ਘੱਟ ਅਤੇ ਹਵਾ ਨਾ ਵਗਣ ਕਰਕੇ ਦੇਰ ਹੋਣ ਦਾ ਕਾਰਨ ਦੱਸਿਆ। ਸੰਤ ਗੰਡਾ ਸਿੰਘ ਜੀ ਨੇ ਬਚਨ ਕੀਤਾ ਕਿ ਕੱਲ ਨੂੰ ਹਵਾ ਵੀ ਚੱਲੇਗੀ। ਤੂੰ ਤਕੜਾ ਹੋ ਕੇ ਕੰਮ ਕਰੀਂ। ਜਿਤਨਾ ਹੋ ਸਕੇ ਨਬੇੜ ਲਵੀਂ ਕਿਉਂਕਿ ਸ਼ਾਮ ਨੂੰ ਬਾਰਸ਼ ਵੀ ਆਉਣੀ ਹੈ। ਇਤਨਾ ਬਚਨ ਕਰਕੇ ਸੰਤ ਗੰਡਾ ਸਿੰਘ ਜੀ ਤਾ ਪ੍ਰੋਗਰਾਮ ਮੁਤਾਬਿਕ ਸੇਮੇ ਚਲੇ ਗਏ। ਅਗਲੇ ਦਿਨ ਖੂਬ ਹਵਾ ਚਲੀ ਬਾਬਾ ਜਗਤਾ ਸਿੰਘ ਨੇ ਜਿਤਨਾ ਕੁ ਹੋ ਸਕਿਆ ਕੰਮ ਕੀਤਾ। ਦਾਣੇ ਕੁਝ ਕੱਢ ਵੀ ਲਏ, ਕੁਝ ਰਹਿ ਵੀ ਗਏ ਅਤੇ ਸ਼ਾਮ ਨੂੰ ਬਚਨ ਅਨੁਸਾਰ ਮੀਂਹ ਵੀ ਆਇਆ। ਉਪਰੰਤ ਇੱਕ ਦੋ ਦਿਨ ਬਾਅਦ ਬਾਬਾ ਜਗਤਾ ਸਿੰਘ ਰੂੰਮੀ ਵੱਲ ਖੇਤਾਂ ਵਿੱਚ ਗਿਆ ਅਤੇ ਅੱਗੋਂ ਸੰਤ ਗੰਡਾ ਸਿੰਘ ਜੀ ਵੀ ਮਿਲ ਗਏ। ਫਿਰ ਉਨ੍ਹਾਂ ਨੇ ਸੁਤੇ ਸਿੱਧ ਹੀ ਜਗਤਾ ਸਿੰਘ ਤੋਂ ਪੁੱਛ ਲਿਆ, ਕਿਉਂ ਭਾਈ ਸਿੱਖਾਂ, ਸਾਡਾ ਬਚਨ ਸੱਤ ਹੋਇਆ ਹੈ। ਵੇਖਿਆ ਨਜ਼ਾਰਾ, ਅੱਗੋਂ ਮੋੜ ਕੇ ਜਗਤਾ ਸਿੰਘ ਨੇ ਕਿਹਾ ਬਚਨ ਕੀਤਾ ਹੋਇਆ ਉਸੇ ਤਰ੍ਹਾਂ ਹੀ ਹੈ ਪਰੰਤੂ ਮਹਾਰਾਜ ਅਸੀਂ ਤਾਂ ਇਹੋ ਜਿਹੋ ਨਜ਼ਾਰੇ ਰੋਜ਼ ਹੀ ਵੇਖਦੇ ਹਾਂ। ਸੰਤ ਗੰਡਾ ਸਿੰਘ ਜੀ ਨੂੰ ਬੜੀ ਅਸਚਰਜਤਾ ਹੋਈ। ਕਹਿਣ ਲੱਗੇ ਇਹੋ ਜਿਹੇ ਨਜ਼ਾਰੇ ਤੁਹਾਨੂੰ ਕਿਥੋਂ ਵੇਖਣ ਨੂੰ ਮਿਲਦੇ ਹਨ ਅਤੇ ਕੌਣ ਵਿਖਾਉਂਦਾ ਹੈ। ਬਾਬਾ ਜਗਤਾ ਸਿੰਘ ਨੇ ਸਾਰੀ ਅਕੱਥ ਕਹਾਣੀ ਸੁਣਾ ਕੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਨਾਮ ਲਿਆ ਅਤੇ ਕਹਿਣ ਲੱਗੇ ਇਹੋ ਜਿਹੇ ਨਜ਼ਾਰੇ ਅਸਾਨੂੰ ਉਹ ਜਦੋਂ ਵੀ ਜਾਈਏ ਵਿਖਾ ਦਿੰਦੇ ਹਨ। ਅਗੋਂ ਸੰਤ ਗੰਡਾ ਸਿੰਘ ਜੀ ਨੇ ਪੁੱਛਿਆ ਅੱਛਾ ਅਸੀਂ ਸਵੇਰੇ ਉਨ੍ਹਾਂ ਦੇ ਦਰਸ਼ਨ ਕਰਾਂਗੇ ਅਤੇ ਉਸੇ ਦਿਨ ਹੀ ਉਨ੍ਹਾਂ ਨੇ ਸੇਮੇਂ ਨਗਰ ਵਿੱਚ ਕਥਾ ਦੀ ਸਮਾਪਤੀ ਕਰ ਦਿੱਤੀ ਅਤੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਭੁੱਚੋ ਨਗਰ ਪਹਿਲਾਂ ਜਗਤਾ ਸਿੰਘ ਦੇ ਘਰ ਆਏ। ਉਪਰੰਤ ਬਾਬਾ ਜੀ ਦੇ ਦਰਸ਼ਨ ਕਰਨ ਲਈ ਰੂੰਮੀ ਵਾਲੇ ਡੇਰੇ ਪਹੁੰਚ ਗਏ। ਇੱਕ ਵਾਰ ਮਿਲਣ ਉਪਰੰਤ ਬਾਬਾ ਜੀ ਨੇ ਉਨ੍ਹਾਂ ਦਾ ਪੁਰਾਣੇ ਛੱਪੜ ਦੇ ਬੋਹੜ ਹੇਠ ਆਸਣ ਕਰ ਦਿੱਤਾ। ਉਸ ਤੋਂ ਬਾਅਦ ਕਈ ਦਿਨ ਬਾਬਾ ਜੀ ਪਾਸ ਟਿੱਕੇ ਅਤੇ ਕੀ ਗਿਆਨ ਗੋਸ਼ਟੀ ਹੋਈ ਕੋਈ

ਪਤਾ ਨਹੀਂ। ਪਰੰਤੂ ਕਈ ਦਿਨ ਇਥੇ ਟਿਕੇ ਅਤੇ ਜਦੋਂ ਬਾਬਾ ਜੀ ਤੋਂ ਆਗਿਆ ਲੈ ਕੇ ਗਏ, ਜਾਣ ਸਮੇਂ ਬਾਬੇ ਜਗਤਾ ਸਿੰਘ ਨੂੰ ਮਿਲੇ ਤਾਂ ਜਗਤਾ ਸਿੰਘ ਨੇ ਪੁੱਛਿਆ ਕਿ ਮਹਾਰਾਜ ਅਸਾਡੇ ਸੰਤ ਕੈਸੇ ਹਨ ਤਾਂ ਅੱਗੋਂ ਸੰਤ ਗੰਡਾ ਸਿੰਘ ਜੀ ਨੇ ਉੱਤਰ ਦਿੱਤਾ ਕਿ ਇਹ ਮਹਾਰਾਜ ਸਰਬ ਕਲਾ ਸਮਰੱਥ ਹਨ। ਸੰਤ ਗੰਡਾ ਸਿੰਘ ਜੀ ਦੇ ਬਚਨ ਜੋ ਉਨ੍ਹਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਉਸਤਤ ਵਿੱਚ ਕਹੇ ਬਾਣੀ ਰਾਹੀਂ ਇਉਂ ਹਨ।

**ਸਰਨਿ ਸਮ੍ਰਥ ਅਕਥ ਸੁਖਦਾਤਾ ਕਿਰਪਾ ਸਿੰਧੁ ਬਡੋ ਦਇਆਲ**

(ਬਿਲਾਵਲੁ ਮ: ੫, ਅੰਗ ੮੨੪)

ਇਹ ਪ੍ਰਸੰਗ ਜੋਗਿੰਦਰ ਸਿੰਘ ਢਿਲੋਂ ਪਾਸੋਂ ਮਿਲਿਆ।

## ਸੰਤ ਸਰਣਿ ਸੰਤ ਟਹਲ ਕਰੀ
## ਧੰਧੁ ਬੰਧੁ ਘਰੁ ਸਗਲ ਜੰਜਾਰੋ ਅਵਰ ਕਾਜ ਤੇ ਛੂਟਿ ਪਰੀ।

*(ਅੰਗ ੮੨੩)*

ਇਕ ਨੰਦ ਰਾਮ (ਜਾਂ ਲਾਲ) ਜਿਸਦਾ ਅਸਲੀ ਪਿੰਡ ਦਿਆਲ ਪੁਰਾ ਮਿਰਜੇ ਕਾ ਸੀ ਰਾਜਾ ਸਿੱਖ (ਨਾਈ) ਸੀ। ਇਹ ਵੀ ਚੰਗਾ ਜਪੀ ਤਪੀ ਸਾਧੂ ਸੀ ਅਤੇ ਇਸਦਾ ਨਿਤਨੇਮ ਬਾਰਾਂ ਪਾਠ ਸੁਖਮਨੀ ਸਾਹਿਬ ਰੋਜ਼ਾਨਾ ਕਰਨੇ ਸੀ। ਕਿਸੇ ਸਮੇਂ ਇਸਦੇ ਘਰ ਵਾਲੀ ਮਰ ਗਈ ਸੀ। ਇਸਨੇ ਆਪਣੀ ਜਾਇਦਾਦ ਅੱਧੀ ਅਤੇ ਹੋਰ ਸਮਾਨ ਪਿੰਡ ਮਲੂਕੇ ਦੇ ਗੁਰਦੁਆਰੇ ਤਾਰੂਆਣੇ ਸਾਹਿਬ ਦੇ ਦਿੱਤਾ ਸੀ ਅਤੇ ਅੱਧਾ ਸ੍ਰੀ ਰਾਮ ਸਿੰਘ ਜੀ ਦੇ ਅਸਥਾਨ ਰਾਮ ਟਿੱਲੇ ਦੇ ਦਿੱਤਾ ਸੀ। ਫਿਰ ਇਥੇ ਹੀ ਟਿਕ ਗਿਆ ਸੀ ਪਿੱਛੇ ਸ੍ਰੀ ਰਾਮ ਸਿੰਘ ਜੀ ਦੇ ਭੁੱਚੋ ਆਉਣ ਸਮੇਂ ਇਹ ਵੀ ਨਾਲ ਹੀ ਸੀ। ਇਸਦੇ ਉੱਤੇ ਬਾਬਾ ਜੀ ਦੀ ਕ੍ਰਿਪਾ ਹੋਈ ਸੀ। ਇੱਕ ਬਹਾਨਾ ਬਣਿਆ। ਇਸਨੇ ਕੱਪੜੇ ਧੋਣ ਲਈ ਸਾਬਣ ਮੰਗਿਆ ਹਜ਼ੂਰ ਦੇ ਹੁਕਮ ਅਨੁਸਾਰ ਸੇਵਾਦਾਰ ਨੇ ਅੰਦਰੋਂ ਸਾਬਣ ਲਿਆ ਕੇ ਦਿੱਤਾ। ਉਪਰੰਤ ਇਹ ਕੱਪੜੇ ਧੋਣ ਲਈ ਚੱਲਿਆ ਗਿਆ। ਕੱਪੜੇ ਧੋਂਦਾ ਧੋਂਦਾ ਪਿਸ਼ਾਬ ਕਰਨ ਚਲਾ ਗਿਆ। ਫਿਰ ਆ ਕੇ ਕੀ ਵੇਖਿਆ ਕਿ ਸਾਬਣ ਕਾਂ ਡੋਡ ਚੁੱਕ ਕੇ ਲੈ

ਗਿਆ ਹੈ। ਉਪਰੰਤ ਬਾਬਾ ਜੀ ਪਾਸੋਂ ਹੋਰ ਸਾਬਣ ਦੀ ਮੰਗ ਕੀਤੀ। ਹੋਰ ਸਾਬਣ ਦੀ ਤੈਨੂੰ ਕੀ ਲੋੜ ਹੈ? ਬਾਬਾ ਜੀ ਪੁੱਛਿਆ। ਇਸ ਨੇ ਬੇਨਤੀ ਕੀਤੀ ਜੀ ਸਾਬਣ ਤਾਂ ਕਾਂ ਡੋਡ ਲੈ ਗਿਆ। ਹਜ਼ੂਰ ਨੇ ਬਚਨ ਕੀਤਾ ਤੂੰ ਕੱਪੜੀਆਂ ਕੋਲ ਚੱਲ ਤੈਨੂੰ ਉਹੀ ਸਾਬਣ ਮੰਗਾ ਦਿਆਂਗੇ। ਉਹ ਹੈਰਾਨ ਜਿਹਾ ਹੋ ਕੇ ਕੱਪੜੇ ਵਾਲੀ ਜਗ੍ਹਾਂ ਥਾ ਤੇ ਉੱਤੇ ਪਹੁੰਚ ਗਿਆ। ਉਥੇ ਪਹੁੰਚ ਕੇ ਕੀ ਵੇਖਿਆ ਕਾਂ ਡੋਡ ਜਿਹਾ ਆਇਆ ਅਤੇ ਉੱਡਦਾ ਹੋਇਆ ਟਿੱਕੀ ਸੁਟ ਕੇ ਚਲਾ ਗਿਆ। ਇਸਦੇ ਮਨ ਵਿੱਚ ਅਸਚਰਜ ਅਤੇ ਹੈਰਾਨੀ ਨਾਲ ਮਨ ਵਿੱਚ ਗੱਲ ਆਈ ਕਿ ਕਿਉਂ ਨਾ ਇਨ੍ਹਾਂ ਮਹਾਂਪੁਰਖਾਂ ਤੋਂ ਮੰਗੀਏ। ਕੱਪੜੇ ਧੋਣ ਉਪਰੰਤ ਬਾਬਾ ਜੀ ਦੀ ਹਜ਼ੂਰੀ ਵਿੱਚ ਪੁੱਜਣ ਤੇ ਹਜ਼ੂਰ ਨੇ ਉਸੇ ਵੇਲੇ ਹੀ ਪੁੱਛ ਲਿਆ ਬੋਲ ਤੈਨੂੰ ਕੀ ਦੇਈਏ। ਉੱਤਰ ਵਿੱਚ ਇਸ ਨਾਮ ਦਾਨ ਦੀ ਮੰਗ ਕੀਤੀ। ਬਾਬਾ ਜੀ ਨੇ ਪ੍ਰਸੰਨਤਾ ਨਾਲ ਸੁਖਮਨੀ ਸਾਹਿਬ ਦੇ ਪਾਠ ਕਰਨ ਦਾ ਹੁਕਮ ਕੀਤਾ ਤੇ ਇਸਨੇ ਸਤ ਬਚਨ ਕਰਕੇ ਮੰਨ ਗਿਆ। ਫਿਰ ਸਾਰੀ ਉਮਰ ਨਿਤਨੇਮ ਤੇ ਸੇਵਾ ਵਿੱਚ ਗੁਜਾਰੀ।

**ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥**

*(ਅੰਗ ੨੯੫)*

ਇਹ ਬਚਨ ਰਤਨ ਸਿੰਘ ਢਿਲੋਂ ਮਲੂਕੇ ਵਾਲੇ ਤੋਂ ਮਿਲਿਆ।

## ਜੋ ਤੁਮ ਕਰਹੁ ਸੋਈ ਭਲਾ ਮਨਿ ਲੇਤਾ ਮੁਕਤਾ ॥

*ਅੰਗ ੮੦੯*

ਇਨਸਾਨ ਹਰ ਸਮੇਂ ਆਪਣੀ ਮਤ ਅਨੁਸਾਰ ਹਰ ਕੰਮ ਕਰਨ ਲਈ ਤਿਆਰ ਰਹਿੰਦਾ ਹੈ। ਇਸ ਕਰਕੇ ਕਿ ਬੰਦਾ ਪਰਲੋਕ ਵਲੋਂ ਬੇ-ਖਬਰ ਹੀ ਰਹਿੰਦਾ ਹੈ।

ਗਾਫਲ ਹੀ ਰਹਿੰਦਾ ਹੈ

**ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ।''**

(ਅੰਗ ੨੮੮) (ਗਉੜੀ ਸੁਖਮਨੀ ਮ. ੫)

ਸਭ ਕੁਝ ਸੁਣਕੇ, ਵੇਖਕੇ ਇਨਸਾਨ ਮਹਾਂਪੁਰਖਾਂ ਦੀ ਸੰਗਤ ਵਿੱਚ

ਆਕੇ ਕੁਝ ਪ੍ਰਾਪਤ ਨਹੀਂ ਕਰ ਸਕਦਾ ਐਸੇ ਪੁਰਸ਼ਾਂ ਦੀ ਬਾਬਤ ਸਤਿਗੁਰੂ ਨੇ ਬਾਣੀ ਵਿੱਚ ਹੁਕਮ ਕੀਤਾ ਹੈ।

**ਮਾਇਆ ਮਦਿ ਮਾਤਾ ਹੋਛੀ ਬਾਤਾ ਮਿਲਣੁ ਨ ਜਾਈ ਭਰਮ ਧੜਾ''**

(ਰਾਮਕਲੀ ਛੰਤ ਮ. ੫)

ਹੁਣ ਆਪਣੀ ਸੁਰਤ ਜੋੜੋ ਬਾਬਾ ਜੀ ਦੇ ਇਤਿਹਾਸ ਨਾਲ ਮਹਾਰਾਜੇ ਪਟਿਆਲੇ ਦੇ ਪ੍ਰਸੰਗ ਵੱਲ ਆਈਏ। ਇੱਕ ਦਿਨ ਚੰਗੇ ਭਾਗਾਂ ਵਾਲਾ ਆਇਆ ਅਤੇ ਮਹਾਰਾਜਾ ਨੂੰ ਆਪਣੇ ਜੀਵਨ ਦਾਨ ਦੇਣ ਵਾਲੇ ਮਹਾਂ ਪੁਰਖ ਗੁਰਵਾਕ ਹੈ, ਸਾਧ ਰੂਪ ਆਪਣਾ ਤਨ ਧਾਰਿਆ॥''

ਮਹਾਂਪੁਰਖਾਂ ਦੇ ਦਰਸ਼ਨ ਕਰਨ ਵਾਸਤੇ ਹੁਕਮ ਲੈਕੇ ਨਾਲ ਵਜ਼ੀਰ ਕਿਸ਼ਨ ਕੌਲ ਹੋਰ ਵੀ ਅਹਿਲਕਾਰਾਂ ਸਮੇਤ ਰਾਣੀ ਦਲੀਪ ਕੌਰ ਦਰਸ਼ਨਾਂ ਵਾਸਤੇ ਟਿੱਲੇ ਉੱਪਰ ਪਹੁੰਚ ਗਏ। ਨਮਸਕਾਰ ਕਰਨ ਉਪਰੰਤ ਬੈਠ ਗਏ ਮਰਿਯਾਦਾ ਪ੍ਰਸ਼ੋਤਮ ਹਜ਼ੂਰ ਨੇ ਸੁਖ ਅਨੰਦ ਪੁੱਛੀ। ਉਪਰੰਤ ਸਿਰਫ ਮਹਾਰਾਣੀ ਦਲੀਪ ਕੌਰ ਨੇ ਹੀ ਉਚਿੱਤ ਢੰਗ ਨਾਲ ਨਿਮਰਤਾ ਸਹਿਤ ਬੇਨਤੀ ਕੀਤੀ। ਮਹਾਰਾਜਾ ਭੁਪਿੰਦਰ ਸਿੰਘ ਬਾਬਾ ਜੀ ਵੱਲ ਇੱਕ ਟੱਕ ਲਗਾਤਾਰ ਚਿਹਰੇ ਵੱਲ ਵੇਖਦਾ ਰਿਹਾ ਸੀ, ਜਿਵੇਂ ਪਛਾਣ ਕਰਦਾ ਹੋਵੇ। ਅੰਤਰਜਾਮੀ ਬਾਬਾ ਜੀ ਨੇ ਸੰਤ ਸ੍ਰੀ ਰਾਮ ਸਿੰਘ ਜੀ ਨੂੰ ਸੰਬੋਧਨ ਕਰਕੇ ਉਹ ਰਜਾਈ ਮੰਗਾ ਕੇ ਬੁੱਕਲ ਮਾਰਕੇ ਬਚਨ ਕੀਤਾ ਲੈ ਰਾਜਾ ਹੁਣ ਸਿਆਣ ਲੈ ਬਈ। ਉਪਰੰਤ ਮਹਾਰਾਜੇ ਹੱਥ ਜੋੜ ਦੇ ਦੁਬਾਰਾ ਨਮਸਕਾਰ ਕੀਤੀ। ਹੋਰ ਕਈ ਪ੍ਰਕਾਰ ਦੇ ਬਚਨ ਹੋਏ ਅਤੇ ਕਿਤਨੇ ਸਮੇਂ ਬਾਅਦ ਮਹਾਰਾਜੇ ਨੇ ਬੇਨਤੀ ਕੀਤੀ ਕਿ ਮਹਾਰਾਜ ਆਪ ਇਤਨੀ ਸਮਰੱਥਾ ਦੇ ਮਾਲਕ ਆਪ ਇਹੋ ਜਿਹੀ ਥਾਂ ਉੱਪਰ ਬੈਠੇ ਹੋ। ਬਾਬਾ ਜੀ ਨੇ ਬਚਨ ਕੀਤਾ ਰਾਜਾ ਅਸਾਨੂੰ ਅਜੇ ਤਕ ਇਸੇ ਤਰ੍ਹਾਂ ਹੀ ਰਹਿਣ ਦਾ ਹੁਕਮ ਹੈ। ਜੇ ਤੂੰ ਸੇਵਾ ਕਰਨੀ ਹੀ ਹੈ ਤਾਂ ਹੀਰਾ ਮਹਿਲ ਵਰਗੀ ਕੋਠੀ ਬਣਾ ਦੇ। ਨਾਭੇ ਵਾਲੇ ਮਹਾਰਾਜ ਨੇ ਹੀਰਾ ਮਹਿਲ ਬਣਾਇਆ ਸੀ। ਉਸ ਸਮੇਂ ਉਸ ਉੱਪਰ ਚੌਂਦਾ ਲੱਖ ਰੁੱਪਿਆ ਖਰਚ ਹੋਇਆ ਸੀ। ਇਹ ਗੱਲ ਆਮ ਤੌਰ ਉੱਤੇ ਮਸ਼ਹੂਰ ਸੀ। ਇਤਨਾ ਖਰਚਾ ਕਰਨ ਦੀ ਮੇਰੇ ਵਿੱਚ ਸਮਰੱਥਾ ਨਹੀਂ। ਮਹਾਰਾਜੇ ਨੇ ਜਵਾਬ ਦੇ ਦਿੱਤਾ ਅਤੇ ਚੁੱਪ ਹੋ ਗਿਆ। ਉਸੇ ਵਕਤ ਹੀ ਮਹਾਰਾਣੀ ਦਲੀਪ ਕੌਰ ਨੇ ਬੇਨਤੀ ਕਰ ਦਿੱਤੀ ਕਿ ਮਹਾਰਾਜ

ਜੇ ਮੈਨੂੰ ਹੁਕਮ ਹੋਵੇ ਤਾਂ ਮੈਂ ਆਪਣੇ ਵਿੱਤ ਅਨੁਸਾਰ ਸੇਵਾ ਕਰ ਸਕਦੀ ਹਾਂ। ਇਸ ਤੋਂ ਬਾਅਦ ਬਾਬਾ ਜੀ ਨੇ ਮਹਾਰਾਣੀ ਦਲੀਪ ਕੌਰ ਨੂੰ ਆਗਿਆ ਦੇ ਦਿੱਤੀ। ਬੀਬੀ ਜੇ ਤੂੰ ਵਿੱਤ ਅਨੁਸਾਰ ਸੇਵਾ ਕਰਦੀ ਹੈਂ ਤਾਂ ਕਰ। ਸ਼ੁਧ ਹੈ, ਉਧਰ ਹਰ ਹੁਕਮ ਨੂੰ ਪੂਰਾ ਕਰਨ ਲਈ ਸੰਤ ਮਲੂਕੇ ਵਾਲੇ ਸੇਵਾ ਵਿੱਚ ਹਾਜ਼ਰ ਸਨ। ਪਿੰਡ ਦੇ ਲੋਕ, ਸੰਗੀ ਸੇਵਕ ਕਾਹੜਨੀਆਂ ਵਿੱਚ ਦੁੱਧ ਲੈ ਕੇ ਹਾਜ਼ਰ ਸਨ। ਹੁਕਮ ਸੀ ਰਾਜੇ ਨੂੰ ਸਣੇ ਮਲਾਈ ਦੁੱਧ ਪਿਆਉ। ਟਿੱਲੇ ਤੋਂ ਹੇਠਾਂ ਹੁਕਮ ਮੰਨਕੇ ਸੇਵਕ ਦੁੱਧ ਲੈ ਕੇ ਤਿਆਰ ਖੜੇ ਸਨ। ਸ੍ਰੀ ਰਾਮ ਸਿੰਘ ਜੀ ਸਾਰੀ ਜ਼ਿੰਮੇਵਾਰੀ ਸੇਵਕ ਦੇ ਤੌਰ ਤੇ ਨਿਭਾ ਰਹੇ ਸਨ। ਵਜ਼ੀਰ ਕਿਸ਼ਨ ਕੌਲ ਅੰਦਰੋਂ ਅੰਦਰ ਜ਼ਹਿਰ ਘੋਲ ਰਿਹਾ ਸੀ, ਚਾਹੁੰਦਾ ਸੀ ਕਦੋਂ ਰਾਜਾ ਇਥੋਂ ਉਠੇ ਅਤੇ ਚਲੀਏ। ਮਹਾਰਾਜਾ ਤਾਂ ਪਹਿਲੀ ਵਾਰ ਦਰਸ਼ਨ ਕਰਕੇ ਹੀ ਮਸਤ ਜਿਹਾ ਹੋ ਗਿਆ ਲੱਗਦਾ ਸੀ।

(ਪਿੱਛੇ ਜ਼ਿਕਰ ਆ ਚੁੱਕਾ ਹੈ ਵਜ਼ੀਰ ਕੁਝ ਹੋਰ ਸੋਚਦਾ ਸੀ)। ਜਿਥੇ ਸੇਵਕ ਨੂੰ ਸੇਵਾ ਕਰਕੇ ਖੁਸ਼ੀ ਹੁੰਦੀ ਹੈ। ਉਥੇ ਨਿੰਦਕ ਚੁਗਲ ਖੋਰ ਦਾ ਮਨ ਹੋਰ ਹੁੰਦਾ ਹੈ। ਵਜ਼ੀਰ ਕਿਸ਼ਨ ਕੋਲ ਨੇ ਇੱਕ ਮਖੌਲੀਏ ਲਹਿਜੇ ਵਿੱਚ ਆਖਿਆ।

**ਮੁਝ ਕੋ ਭੀ ਇਕ ਐਸਾ ਨਰ ਪੀਰ, ਬਿਵਰਚੀ, ਭਿਸਤੀ, ਖਰ॥**

ਇਹ ਕਹੀ ਹੋਈ ਗੱਲ ਬਾਬਾ ਜੀ ਪਾਸ ਪਹੁੰਚ ਗਈ। ਉਪਰੰਤ ਹਜ਼ੂਰ ਨੇ ਬਚਨ ਕੀਤਾ ਤਿੰਨ ਵਾਰ ਸਾਫ-ਸਾਫ-ਸਾਫ। ਇਸ ਵਕਤ ਬਾਬਾ ਜੀ ਦੇ ਚੇਹਰੇ ਉਪਰ ਬੀਰ ਰਸ ਵਾਲਾ ਜਲਾਲ ਚਮਕ ਰਿਹਾ ਸੀ। ਉਪਰੰਤ ਸਰਬਣ ਸਿੰਘ ਭਾਗੀ ਵਾਂਦਰ ਵਾਲਾ ਟਿੱਲੇ ਤੋਂ ਹੇਠਾਂ ਆਇਆ। ਉੱਧਰ ਬਾਬਾ ਜੀ ਰਾਜੇ ਨੂੰ ਸਧਾਰਨ ਤੌਰ ਉੱਤੇ ਉਪਦੇਸ਼ ਕਰ ਰਹੇ ਸਨ। ਰਾਜਾ ਤੂੰ ਸੋਚ ਤੇਰੇ ਰਾਜ ਵਿੱਚ ਕੀ ਹੋ ਰਿਹਾ ਹੈ। ਤੇ ਪਿਛਲੇ ਕਿਸੇ ਜਨਮ ਵਿੱਚ ਅਸਾਡੇ ਨਾਲ ਇੱਕ ਸਥਾਨ ਦਾ ਨਾਮ ਦੱਸ ਕੇ ਬਚਨ ਕੀਤਾ ਉਥੇ ਤੱਪ ਕੀਤਾ ਸੀ। ਅਸਾਡਾ ਪ੍ਰਮੇਸ਼ਵਰ ਪ੍ਰਾਪਤੀ ਵਾਸਤੇ ਤੱਪ ਸੀ ਅਤੇ ਤੇਰੇ ਮਨ ਵਿੱਚ ਸੰਸਾਰੀ ਭੋਗਾਂ ਦੀ ਕਾਮਨਾ ਹੋ ਗਈ। ਤੂੰ ਰਾਜ ਭਾਗ ਲੈ ਲਿਆ। ਹੁਣ ਤੇਰੇ ਨਾਲ ਮਿਲਣ ਦਾ ਸਮਾਂ ਕੁਦਰਤ ਨੇ ਬਣਾ ਦਿੱਤਾ ਹੈ।

**ਦਾਨੰ ਪਰਾ ਪੂਰਬੇਣ ਭੁੰਚੰਤੇ ਮਹੀਪਤੇ॥ ਬਿਪਰੀਤ ਬੁਧੰ ਮਾਰਤ ਲੋਕਹ**

**ਨਾਨਕ ਚਿਰੰਕਾਲ ਦੁਖ ਭੋਗਤੇ ॥੨੦੪॥**

(ਸਲੋਕ ਸਹਸਕ੍ਰਿਤੀ ਮ. ੫, ਅੰਗ ੧੩੫੬)

ਰਾਜਾ ਤੂੰ ਸੋਚ ਤੇਰੇ ਰਾਜ ਵਿੱਚ ਕੀ ਹੋ ਰਿਹਾ ਹੈ? ਤੂੰ ਇੱਕ ਗਲਤ ਕੰਮ ਕਰਦਾ ਹੈਂ। ਤੇਰੇ ਅਮੀਰ ਵਜੀਰ ਦੱਸ ਕੰਮ ਗਲਤ ਕਰਦੇ ਹਨ। ਉਨ੍ਹਾਂ ਦੇ ਪਾਪ ਦਾ ਬੋਝ ਤੇਰੇ ਜ਼ਿੰਮੇ ਹੈ। ਤੇਰੇ ਵੱਡੇ-ਵੱਡੇਰੇ ਗੁਰੂ ਘਰ ਤੋਂ ਬਖਸ਼ਿਸ਼ਾਂ ਲੈ ਕੇ ਰਾਜ ਭਾਗ ਪ੍ਰਾਪਤ ਕਰਕੇ ਵੀ ਸਿੱਖ ਬਣੇ ਰਹੇ। ਉਨ੍ਹਾਂ ਦੇ ਲੰਗਰ ਵਿੱਚ ਚਾਰ ਚਾਰ ਸੌ ਸਾਧੂ, ਬ੍ਰਾਹਮਣ ਗਰੀਬ ਅੰਨ ਛਕਦੇ ਰਹੇ। ਹੁਣ ਤੂੰ ਕਿਧਰ ਨੂੰ ਤੁਰਿਆ ਜਾ ਰਿਹਾ ਹੈਂ? ਤੇਰੇ ਲੰਗਰ ਵਿੱਚ ਚਾਰ ਚਾਰ ਸੌ ਜਨਾਨੀਆਂ ਖਾਂਦੀਆਂ ਹਨ। ਤੂੰ ਦਿਨ ਰਾਤ ਕਾਮ ਕ੍ਰੋਧ ਵਿੱਚ ਮਸਤ ਹੈ। ਇਹ ਤੇਰਾ ਵਜੀਰ ਹੀ ਸਾਰੀਆਂ ਮੁਸੀਬਤਾਂ ਦੀ ਜੜ੍ਹ ਹੈ। ਇਉਂ ਬਚਨ ਕਰਕੇ ਇੱਕ ਤਿਖੀ ਨਜ਼ਰ ਨਾਲ ਵਜੀਰ ਵੱਲ ਤੱਕਿਆ। ਵਜੀਰ ਉਸ ਵੇਲੇ ਨੀਵੀਂ ਧੌਣ ਕਰਕੇ ਸੁਣ ਰਿਹਾ ਸੀ। ਉਪਰੰਤ ਰਾਜੇ ਨੇ ਹੱਥ ਜੋੜ ਕੇ ਆਗਿਆ ਮੰਗੀ ਤਾਂ ਬਚਨ ਹੋਇਆ ਸ਼ੁਧ ਹੈ, ਦੁੱਧ ਛੱਕ ਕੇ ਜਾਣਾ ਹੋਵੇਗਾ। ਉਸੇ ਸਮੇਂ ਵਜੀਰ ਨੇ ਕਿਹਾ ਮਹਾਰਾਜ ਸਰਕਾਰ ਦੀ ਸਿਹਤ ਆਗਿਆ ਨਹੀਂ ਦਿੰਦੀ, ਸੁਣਕੇ ਬਾਬਾ ਜੀ ਨੇ ਬਚਨ ਕੀਤਾ, ਨਹੀਂ ਦੁੱਧ ਤਾਂ ਪੀਣਾ ਹੀ ਪਏਗਾ। ਰਾਜੇ ਨੇ ਸਤ ਬਚਨ ਕਰ ਦਿੱਤਾ ਅਤੇ ਰਾਜੇ ਨੇ ਫੇਰ ਆਉਣ ਵਾਸਤੇ ਬੇਨਤੀ ਕਰ ਦਿੱਤੀ। ਸਭ ਰਾਜੇ ਸਮੇਤ ਟਿੱਲੇ ਤੋਂ ਹੇਠਾਂ ਉੱਤਰ ਆਏ। ਬਾਬਾ ਜੀ ਦੇ ਹੁਕਮ ਅਨੁਸਾਰ ਨੀਲਾ ਸਿੰਘ, ਸਰਬਣ ਸਿੰਘ ਭਾਗੀ ਵਾਂਦਰ ਵਾਲਾ ਅਤੇ ਹੋਰ ਬੇਅੰਤ ਸੰਗਤ ਭਾਈ ਚੰਦਾ ਸਿੰਘ ਅਤੇ ਅਰਜਨ ਸਿੰਘ ਢੀਂਡਸਾ (ਇਸ ਮੌਕੇ ਦੇ ਨਾਲ ਮਿਲਦੀ ਇੱਕ ਗੱਲ ਹੋਰ ਹੈ ਜੋ ਲੇਖਕ ਨੇ ਪਿਤਾ ਜੀ ਤੋਂ ਸੁਣੀ। ਉਨ੍ਹਾਂ ਦੇ ਅਨੁਸਾਰ ਇਹ ਬਚਨ ਸ੍ਰੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਉਚਾਰਿਆ ਕਰਦੇ ਸਨ। ਇਸ ਵੇਲੇ ਅਚਾਨਕ ਹੀ ਮਹਾਰਾਣੀ ਦਲੀਪ ਕੌਰ ਬਾਬਾ ਜੀ ਦੇ ਚਰਨਾਂ ਵਿੱਚ ਪਹੁੰਚ ਕੇ ਸੰਖੇਪ ਜਿਹੇ ਤਰੀਕੇ ਨਾਲ ਘਰੋਗੀ ਦੁਖ ਸੁਖ ਦੇ ਸੰਬੰਧ ਵਿੱਚ ਬੇਨਤੀ ਕਰਕੇ ਰੋ ਪਈ। ਉੱਤਰ ਵਿੱਚ ਬਾਬਾ ਜੀ ਨੇ ਬਚਨ ਕੀਤਾ ਬੀਬੀ ਤੂੰ ਵਾਹਿਗੁਰੂ ਦੀ ਰਜ਼ਾ ਵਿੱਚ ਰਾਜ਼ੀ ਰਹੋ ਗੁਰੂ ਨਾਨਕ ਸਾਹਿਬ ਭਲੀ ਕਰਨਗੇ। ਟਿੱਲੇ ਸਾਹਿਬ ਤੋਂ ਹੇਠਾਂ ਆ ਕੇ ਸਭ ਤੋਂ ਪਹਿਲੇ ਗਲਾਸ ਵਿੱਚ ਪਾਕੇ ਮਹਾਰਾਜੇ ਨੂੰ ਦੁੱਧ ਦਿੱਤਾ

ਫਿਰ ਵਜ਼ੀਰ ਕਿਸ਼ਨ ਕੌਲ ਨੂੰ ਦੁੱਧ ਦੇਣ ਲੱਗੇ ਉਸਨੇ ਠਹਿਰਕੇ ਦੁੱਧ ਪੀਣ ਬਾਰੇ ਕਹਿਕੇ ਇੱਕ ਪਾਸੇ ਨੂੰ ਹੋ ਗਿਆ। ਭਾਗੀ ਵਾਂਦਰ ਵਾਲੇ ਸਰਬਣ ਸਿੰਘ ਦੇ ਅਨੁਸਾਰ ਅਸੀਂ ਕਈ ਵਾਰ ਵਜ਼ੀਰ ਨੂੰ ਦੁੱਧ ਪੀਣ ਲਈ ਆਖਿਆ, ਵਜ਼ੀਰ ਹਰ ਵਾਰੀ ਕੋਈ ਨਾ ਕੋਈ ਬਹਾਨਾ ਕਰਕੇ ਟਾਲ ਦਿੰਦਾ ਰਿਹਾ। ਅਖੀਰ ਉੱਤੇ ਵਜੀਰ ਕਿਸ਼ਨ ਕੌਲ ਨੇ ਮਹਾਰਾਜੇ ਤੋਂ ਪਾਸੇ ਹੋ ਕੇ ਸੇਵਾਦਾਰਾਂ ਨੂੰ ਘੂਰ ਕੇ ਕਹਿ ਦਿੱਤਾ ਮੈਨੂੰ ਦੁੱਧ ਪੀਣ ਨੂੰ ਨਹੀਂ ਕਹਿਣਾ। ਹੋਰ ਸਭਨੇ ਦੁੱਧ ਪੀਤਾ। ਪਰ ਵਜੀਰ ਦੇ ਮਨ ਵਿੱਚ ਨਰਾਜ਼ਗੀ ਹੋਣ ਕਰਕੇ ਉਸਨੇ ਨਹੀਂ ਪੀਤਾ। ਰਾਜੇ ਦੇ ਚਲੇ ਜਾਣ ਉਪਰੰਤ ਸਭ ਸੇਵਾਦਾਰ ਬਾਬਾ ਜੀ ਨੇ ਬੁਲਾ ਲਏ ਅਤੇ ਪੁੱਛਣ ਲੱਗੇ ਬਈ ਕਿਸ-ਕਿਸ ਨੇ ਦੁੱਧ ਛਕਿਆ ਸਾਰਿਆਂ ਦੇ ਨਾਮ ਗਿਣਕੇ ਦਸੋ। ਸਭ ਦੇ ਨਾਮ ਗਿਣ ਕੇ ਸੇਵਾਦਾਰਾਂ ਨੇ ਦੱਸੇ, ਜਿਨ੍ਹਾਂ ਵਿੱਚ ਵਜੀਰ ਦਾ ਨਾਮ ਨਹੀਂ ਸੀ। ਵਜੀਰ ਦਾ ਨਾਮ ਨਾ ਆਇਆ। ਅੰਤਰਜਾਮੀ ਬਾਬਾ ਜੀ ਕਹਿਣ ਲੱਗੇ ਵਜੀਰ ਨੇ ਨਹੀਂ ਪੀਤਾ। ਸੇਵਕਾਂ ਨੇ ਬੇਨਤੀ ਕੀਤੀ ਮਹਾਰਾਜ ਵਜੀਰ ਨੇ ਸਾਨੂੰ ਰਾਜੇ ਤੋਂ ਪਾਸੇ ਹੋ ਕੇ ਘੂਰਿਆ ਸੀ। ਅਸੀਂ ਡਰਦਿਆਂ ਫਿਰ ਉਸਨੂੰ ਕਿਹਾ ਹੀ ਨਹੀਂ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ ਅੱਛਾ ਵਜੀਰ ਤਾਂ ਐਵੇਂ ਹੀ ਗਿਆ। ਤਿੰਨ ਵਾਰ ਬਚਨ ਇਹੋ ਹੀ ਕੀਤਾ। ਮਹਾਂਪੁਰਖਾਂ ਦੇ ਬਚਨ ਭਾਗਾਂ ਅਨੁਸਾਰ ਹੁੰਦੇ ਹਨ ਜਿਵੇਂ ਬਾਣੀ ਵਿੱਚ ਫੁਰਮਾਨ ਹੈ-

**ਜੇਵੇਹੇ ਕਰਮ ਕਮਾਵਦਾ ਤੇਵੇਹੇ ਫਲਤੇ॥**
**ਚਬੇ ਤਤਾ ਲੋਹ ਸਾਰੁ ਵਿਚਿ ਸੰਘੈ ਪਲਤੇ॥**

*ਅੰਗ ੩੧੭*

ਉਪਰੰਤ ਸੇਵਕ ਸੇਵਾ ਕਰਦੇ ਰਹੇ। ਇਸ ਤੋਂ ਅਗਲਾ ਪ੍ਰਸੰਗ ਅੱਗੇ ਆਏਗਾ। ਵਜੀਰ ਤਾਂ ਐਵੇ ਹੀ ਗਿਆ ਵਾਲਾ ਬਚਨ ਇਸ ਤੋਂ ਉਪਰੰਤ ਕਈ ਵਾਰ ਸੁਤੇ ਸਿਧ ਹੀ ਕਹਿੰਦੇ ਰਹਿੰਦੇ ਸਨ। ਇਹ ਬਚਨ ਕੁਝ ਨਾਨਕਸਰ ਸੰਗਤ ਦੇ ਪੁਰਾਣੇ ਸੰਗੀਆਂ ਪਾਸੋਂ ਸੁਣੇ, ਕੁਝ ਮਾਤਾ ਪਿਤਾ ਤੋਂ ਸੁਣੇ।

## ਸਿਖੀ ਸਿਖਿਆ ਗੁਰ ਵੀਚਾਰਿ ।
## ਨਦਰੀ ਕਰਮਿ ਲੰਘਾਏ ਪਾਰਿ ।

*(ਅੰਗ ੪੬੫)*

ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਵਿਦਵਾਨ ਸੇਵਕ ਸਨ। ਬਾਬਾ ਜੀ ਆਪ ਵੀ ਇਨ੍ਹਾਂ ਨੂੰ ਕਦੇ ਕਦੇ ਹੁਕਮ ਦੇ ਕੇ ਸੰਸਕ੍ਰਿਤ ਦੇ ਗ੍ਰੰਥ ਦੀ ਸੰਥਿਆ ਕਰਵਾਉਂਦੇ ਸਨ। ਇਨ੍ਹਾਂ ਦਾ ਰਚਿਆ ਇੱਕ ਕਬਿੱਤ ਬਾਬਾ ਜੀ ਦੀ ਉਸਤਤੀ ਵਿੱਚ ਹੈ ਜੋ ਹੇਠਾਂ ਦਰਜ ਹੈ।

**ਬ੍ਰਹਮਾ ਔ ਮਹੇਸ਼ ਰਿਸ਼ੀ ਮੁਨੀ ਜਸ ਗਾਵੈ ਜਾ ਕੋ**
**ਮਾਤ ਔ ਪਤਾਲ ਲੋਕ ਵਿਚ ਜਸ ਗਾਇਓ ਹੈ**
**ਰਾਜੋਂ ਮਹਾਰਾਜੋਂ ਬੀਚ ਉਰਧ ਸੁਹਾਵੈ ਜਸ**
**ਭਾਨ ਕੇ ਸਮਾਨਅਤੀ ਤੇਜ ਬਣ ਆਇਓ ਹੈ**
**ਸਾਧ ਸੰਤ ਜੋਗੀ ਜਤੀ ਵੱਡੇ ਵੱਡੇ ਬ੍ਰਹਮਚਾਰੀ**
**ਹਾਰ ਚੁਕੇ ਉਨਹੀ ਕੇ ਧਿਆਨ ਮੈ ਨਾ ਆਇਓ ਹੈ**
**ਸ੍ਰੀ ਗੁਰੂ ਮਹਾਂ ਹਰਿਨਾਮ ਸਿੰਘ ਤੇਜ ਮੈ ਪ੍ਰਬੀਨ ਅਤੀ**
**ਬੈਠ ਊਚੇ ਆਸਣ ਗਿਰੇਸ਼ ਜਿਉ ਸੁਹਾਇਓ ਹੈ**

(ਲਿਖਤ ਸ੍ਰੀ ਰਾਮ ਸਿੰਘ ਜੀ, ਰਾਹੀਂ ਬਾਬਾ ਬਲਵਿੰਦਰ ਸਿੰਘ)

ਇਸ ਤਰ੍ਹਾਂ ਰਚਨਾ ਸੁਣਕੇ ਬਾਬਾ ਜੀ ਨੇ ਮਲੂਕੇ ਵਾਲੇ ਸੰਤਾਂ ਨੂੰ ਹੁਕਮ ਦੇ ਕੇ ਕਵਿਤਾ ਕਰਨੋ ਰੋਕ ਦਿੱਤਾ ਅਤੇ ਨਾਲ ਹੀ ਬਚਨ ਕੀਤਾ ਇਹ ਰਚਨਾ ਬੰਦ ਕਰੋ"। ਜਨਮ ਮਰਨ ਤਾਂ ਹੀ ਕਟਿਆ ਜਾਏਗਾ ਤਾਂ ਹੀ ਸੇਵਾ ਵਿੱਚ ਮਨ ਲੱਗੇਗਾ"। ਸੁਣਕੇ ਸ੍ਰੀ ਰਾਮ ਸਿੰਘ ਜੀ ਨੇ ਸਤ ਬਚਨ ਕਰਕੇ ਨਮਸਕਾਰ ਕਰ ਦਿੱਤੀ ਅਤੇ ਸੇਵਾ ਵਿੱਚ ਤੱਤਪਰ ਹੋ ਗਏ। ਇੱਕ ਸਮੇਂ ਬਾਬਾ ਜੀ ਨੇ ਸ੍ਰੀ ਰਾਮ ਸਿੰਘ ਜੀ ਨੂੰ ਬਚਨ ਕੀਤਾ ਸੀ। ਤੇਰਾ ਪਿਛਲਾ ਜਨਮ ਤੁਲਸੀ ਦਾਸ ਦਾ ਸੀ। ਤੂੰ ਰਮਾਇਣ ਦੀ ਰਚਨਾ ਕੀਤੀ

ਹੈ।" ਕਦੇ ਕਦੇ ਬਾਬਾ ਜੀ ਸ੍ਰੀ ਰਾਮ ਸਿੰਘ ਨੂੰ ਦਾਦਾ ਕਹਿਕੇ ਬਲਾਉਂਦੇ ਅਤੇ ਕਦੇ ਕਦੇ ਤੁਲਸੀ ਦਾਸ ਵੀ ਉਚਾਰ ਕੇ ਬਲਾਉਂਦੇ ਸਨ। ਇੱਕ ਸਮੇਂ ਕੋਈ ਵਿਦਵਾਨ ਆਪਣੀ ਸੁੰਦਰ ਕਵਿਤਾ ਦੁਆਰਾ ਰਚਨਾ ਕਰਕੇ ਲਿਆਇਆ ਅਤੇ ਬਾਬਾ ਜੀ ਨੂੰ ਸੁਣਾਈ। ਫਿਰ ਅੰਤਰਜਾਮੀ ਉਸਦੇ ਮਨ ਵਿੱਚ ਹੰਕਾਰ ਦੀ ਭਾਵਨਾ ਵੇਖਕੇ ਉਸਦਾ ਅਹੰਕਾਰ ਤੋੜਨ ਲਈ ਬਚਨ ਕੀਤਾ ਇੱਕ ਅਸਾਡਾ ਸੇਵਾਦਾਰ ਵੀ ਤੇਰੇ ਵਰਗੀ ਕਵਿਤਾ ਬਣਾ ਲੈਂਦਾ ਹੈ"। ਬਾਬਾ ਜੀ ਨੇ ਸ੍ਰੀ ਰਾਮ ਸਿੰਘ ਜੀ ਨੂੰ ਬੁਲਾਇਆ ਅਤੇ ਹੁਕਮ ਕੀਤਾ ਤੂੰ ਵੀ ਕਵਿਤਾ ਬਣਾ ਕੇ ਲੈ ਆ"। ਬਾਬਾ ਜੀ ਅਨੁਸਾਰ ਸ੍ਰੀ ਰਾਮ ਸਿੰਘ ਜੀ ਕਵਿਤਾ ਬਣਾ ਕੇ ਲੈ ਆਏ ਅਤੇ ਉਸਨੂੰ ਸੁਣਾਈ। ਉਹ ਵਿਦਵਾਨ ਸੁਣਕੇ ਬਾਬਾ ਜੀ ਵੱਲ ਵੇਖੇ, ਕਦੇ ਸ੍ਰੀ ਰਾਮ ਸਿੰਘ ਜੀ ਵੱਲ ਵੇਖੇ ਆਖਰ ਨੂੰ ਉਹ ਵਿਦਵਾਨ ਨਮਸਕਾਰ ਕਰਕੇ ਖਿਮਾ ਮੰਗ ਕੇ ਚਲਾ ਗਿਆ।

**ਪ੍ਰਭ ਨਰਾਇਣ ਗਰਬੁ ਪ੍ਰਹਾਰੀ॥**

*(ਅੰਗ ੨੨੫)*

ਦੇ ਬਚਨ ਅਨੁਸਾਰ

ਉਸਦਾ ਵਿਦਿਆ ਦਾ ਹੰਕਾਰ ਆਪਣੇ ਸੇਵਕ ਰਾਹੀਂ ਤੁੜਵਾ ਦਿੱਤਾ।

ਇਹ ਬਚਨ ਰਤਨ ਸਿੰਘ ਢਿੱਲੋਂ ਮਲੂਕੇ ਵਾਲੇ ਤੋਂ ਸੁਣਿਆ।

## ਸੇਵਕ ਕਉ ਸੇਵਾ ਬਨਿ ਆਈ॥
## ਹੁਕਮੁ ਬੂਝਿ ਪਰਮ ਪਦੁ ਪਾਈ॥

*(ਅੰਗ ੨੯੩)*

ਇਸ ਸਮੇਂ ਮਲੂਕੇ ਵਾਲੇ ਪੰਡਿਤ ਸ੍ਰੀ ਰਾਮ ਸਿੰਘ ਜੀ ਸੇਵਾ ਵਿੱਚ ਤੱਤਪਰ ਸਨ। ਵੇਖਣ ਨੂੰ ਤਾਂ ਸਰੀਰਕ ਤੌਰ ਤੇ ਬੜੇ ਕਮਜ਼ੋਰ ਲੱਗਦੇ ਸਨ। ਪਰੰਤੂ ਫੁਰਤੀ ਬੜੀ ਸੀ। ਪਹਿਲੇ ਨਗਰ ਵਿਚੋਂ ਦੁੱਧ ਮੰਗ ਕੇ ਲੈ ਆਉਣਾ ਫਿਰ ਸਾਰਾ ਦਿਨ ਜੋ ਸੇਵਾ ਹੋਵੇ ਕਰਨੀ। ਕਦੇ ਕਦੇ ਰਾਤ ਨੂੰ ਹਾਜ਼ਰ ਹੋਣ ਦਾ ਹੁਕਮ ਦੇਣਾ। ਇੱਕ ਸਮੇਂ ਦਿਨ ਨੂੰ ਦੁੱਧ ਲੈ ਕੇ ਆਏ ਬਦਲ ਵਾਈ ਹੋਣ ਕਰਕੇ ਕੋਈ ਕੋਈ ਕਣੀ ਵੀ ਪੈ ਰਹੀ ਸੀ। ਜਿਸ ਸਮੇਂ ਦੁੱਧ ਦਾ ਬਰਤਨ

ਭਰ ਕੇ ਹਜ਼ੂਰ ਕੋਲ ਰੱਖਿਆ ਅਚਾਨਕ ਦੁੱਧ ਉੱਤੇ ਨਿਗਾਹ ਪੰਡਿਤ ਜੀ ਦੀ ਪਈ। ਦੁੱਧ ਸਾਰਾ ਹੀ ਪਾਟ ਗਿਆ ਸੀ। ਤੁਰੰਤ ਹੀ ਬਾਬਾ ਜੀ ਕੋਲ ਬੇਨਤੀ ਕਰ ਦਿੱਤੀ ਕਿ ਸੱਚੇ ਪਾਤਸ਼ਾਹ ਮੈਨੂੰ ਸਮਝ ਨਹੀਂ ਆਈ ਕਿ ਦੁੱਧ ਕਿਵੇਂ ਫਟਿਆ, ਬਰਤਨ ਤਾਂ ਸਾਫ ਕਰਕੇ ਮੈਂ ਲੈ ਗਿਆ ਸੀ। ਸੁਣਕੇ ਬਾਬਾ ਜੀ ਨੇ ਬਚਨ ਕੀਤਾ" ਦਾਦਾ ਤੈਨੂੰ ਨਹੀਂ ਪਤਾ ਇਹ ਗੋਂਦੇ ਦੀ ਕਾਰ ਹੈ। ਕਿਤੇ ਉਸਦੀ ਨਿਗਾਹ ਦੁੱਧ ਉਪਰ ਪੈ ਗਈ। ਅਸੀਂ ਐਵੇਂ ਵੀ ਨਹੀਂ ਸੀ ਪੀਣਾ ਚੰਗਾ ਹੋਇਆ ਦੁੱਧ ਫੁਟ ਗਿਆ।" ਉਪਰੰਤ ਪੰਡਿਤ ਜੀ ਨੇ ਬੇਨਤੀ ਕੀਤੀ ਗਰੀਬ ਨਿਵਾਜ਼, ਆਪ ਜੀ ਨੇ ਦੁੱਧ ਵੀ ਛੱਕਣਾ ਸੀ। ਹੁਣ ਕੀ ਹੋਵੇਗਾ? ਉਪਰੰਤ ਬਚਨ ਹੋਇਆ ਜਿਹੜਾ ਦੁੱਧ ਅਸੀਂ ਛੱਕਣਾ ਹੈ ਉਹ ਸੇਵਾਦਾਰ ਲੈ ਕੇ ਆ ਰਿਹਾ ਹੈ। ਤੂੰ ਬਰਤਨ ਸਾਫ ਕਰਕੇ ਤਿਆਰ ਕਰਕੇ ਰੱਖ ਲੈ। ਇਹ ਦੁੱਧ ਉਥੇ ਡੋਂਲੀ ਜਿਥੇ ਕੋਈ ਜਾਨਵਰ ਵੀ ਨਾ ਵੇਖ ਸਕੇ। ਹੁਕਮ ਅਨੁਸਾਰ ਦੁੱਧ ਡੋਲ ਕੇ ਬਰਤਨ ਸਾਫ ਕਰਕੇ ਅਜੇ ਬਾਬਾ ਜੀ ਦੀ ਹਜ਼ੂਰੀ ਬਰਤਨ ਰੱਖਿਆ ਹੀ ਸੀ ਕਿ ਤੁਰੰਤ ਹੀ ਪੂਹਲੇ ਤੋਂ ਇੱਕ ਦੁੱਧ ਦੀ ਡੋਹਣੀ ਭਰੀ ਹੋਈ ਲੈ ਕੇ ਪਹੁੰਚ ਗਿਆ। ਬਾਬਾ ਜੀ ਨੇ ਆਪ ਮਰਿਆਦਾ ਕਰਵਾ ਕੇ ਦੁੱਧ ਲੈ ਕੇ ਉਸਦਾ ਬਰਤਨ ਖਾਲੀ ਕਰਕੇ ਉਸ ਨੂੰ ਤੁਰ ਜਾਣ ਦਾ ਹੁਕਮ ਦਿੱਤਾ ਅਤੇ ਨਾਲ ਹੀ ਸ੍ਰੀ ਰਾਮ ਸਿੰਘ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ ਦੇਣ ਵਾਲਾ ਪ੍ਰਮੇਸ਼ਵਰ ਹੈ। ਜਿਤਨਾ ਖਰਾਬ ਹੋਇਆ ਉਸ ਤੋਂ ਵੱਧ ਆ ਗਿਆ।

**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ॥**
**ਕਹੈ ਧੰਨਾ ਪੂਰਨ ਤਾਹੂ ਕੋ ਮਤ ਰੇ ਜੀਅ ਡਰਾਂਹੀ॥**

ਰਾਗ ਆਸਾ ਬਾਣੀ ਭਗਤ ਧੰਨੇ ਜੀ ਕੀ

ਬਾਣੀ ਦਾ ਅੱਖਰ ਅੱਖਰ ਸਤ ਹੈ, ਪ੍ਰਤੀਤ ਆਉਂਦੀ ਹੈ , ਸੇਵਕ ਨੂੰ ਮਹਾਂਪੁਰਖਾਂ ਦੀ ਸੇਵਾ ਵਿੱਚ ਰਹਿਕੇ। ਇਸੇ ਸਮੇਂ ਬਾਬਾ ਜੀ ਕੋਲ ਸੌਣ ਸਿੰਘ ਢਿਲੋਂ ਵੀ ਹਾਜ਼ਰ ਸੀ। ਉਸਨੇ ਸਭ ਕੁਝ ਵੇਖ ਕੇ ਬਚਨ ਕੀਤਾ ਮਹਾਰਾਜ ਇਹ ਪੰਡਿਤ ਦਾ ਸਰੀਰ ਕਮਜ਼ੋਰ ਹੈ ਅਤੇ ਸੇਵਾ ਬੜੇ ਚਾਅ ਨਾਲ ਕਰਦਾ ਹੈ। ਇਸ ਨੂੰ ਵੀ ਕੁਝ ਦਿਓਗੇ।" ਉੱਤਰ ਵਿੱਚ ਬਾਬਾ ਜੀ ਨੇ ਬਚਨ ਕੀਤਾ ਸੌਣ ਸਿਆਂ, ਸੇਵਕ ਨੂੰ ਤਾਂ ਕੁਝ ਦੇਣਾ ਹੀ ਪੈਂਦਾ ਹੈ। ਅੱਗੇ ਸਭ

ਨੂੰ ਦਿੱਤਾ ਹੈ ਅਤੇ ਇਸ ਨੂੰ ਵੀ ਜ਼ਰੂਰ ਦਿਆਂਗੇ। ਖਾਲੀ ਨਹੀਂ ਮੌੜਦੇ, ਤੂੰ ਬੇਸ਼ਕ ਵੇਖ ਲਵੀਂ।

ਬਚਨ ਮਿਲਿਆ ਕਾਕਾ ਜੋਗਿੰਦਰ ਸਿੰਘ ਢਿਲੋਂ ਪਾਸੋਂ।

## ਮਾਨੈ ਹੁਕਮੁ ਸੋਹੈ ਦਰਿ ਸਾਚੈ ਆਕੀ ਮਰਹਿ ਅਫਾਰੀ ॥

*(ਅੰਗ ੯੯੨)*

ਮਹਾਂਪੁਰਖਾਂ ਦੇ ਦਰਸ਼ਨ ਵਾਸਤੇ ਆਉਣ ਵਾਲਾ ਜਗਿਆਸੂ ਜਿਤਨਾ ਸੰਗਤ ਵਿੱਚ ਰਹੇ, ਬੜੀ ਹਲੀਮੀ ਅਤੇ ਨਿਮਰਤਾ ਨਾਲ ਰਹਿਣ ਵਾਲਾ ਸੰਗੀ ਸੱਤਬਚਨ ਦਾ ਅਧਿਕਾਰੀ ਹੀ ਲੋਕ ਅਤੇ ਪ੍ਰਲੋਕ ਦੇ ਸੁਖ ਪ੍ਰਾਪਤ ਕਰ ਸਕਦਾ ਹੈ। ਮਨ ਮਰਜ਼ੀ ਅਤੇ ਹੁਜਤੀ ਨਹੀਂ ਕਰ ਸਕਦਾ। ਬਾਬਾ ਜੀ ਦੇ ਪੁਰਾਣੇ ਪੰਡਿਤ ਹੰਸ ਰਾਜ ਨੇ ਇੱਕ ਪ੍ਰਸੰਗ ਸੁਣਾਇਆ। ਭੁੱਚੋ ਨਗਰ ਦਾ ਹੀ ਇੱਕ ਸੱਜਣ ਸਾਧੂ ਭੇਸ਼ ਵਿੱਚ ਰਹਿੰਦਾ ਸੀ ਜਿਵੇਂ ਸਾਹਿਬ ਨੇ ਬਾਣੀ ਵਿੱਚ ਫੁਰਮਾਇਆ ਹੈ " **ਜੋਗ ਨ ਭਗਵੀ ਕਪੜੀ ਜੋਗੁ ਨ ਮੈਲੇ ਵੇਸਿ ਨਾਨਕ ਘਰਿ ਬੈਠਿਆ ਜੋਗ ਪਾਈਐ ਸਤਿਗੁਰ ਕੈ ਉਪਦੇਸਿ ॥**" ਐਸਾ ਕੋਈ ਵਿਰਲਾ ਹੀ ਉਤਮ ਵਿਚਾਰ ਵਾਲਾ ਹੁੰਦਾ ਹੈ, ਜਿਹੜਾ ਮਹਾਂਪੁਰਖਾਂ ਦੇ ਬਚਨ ਨੂੰ ਸਮਝੇ। ਇਹ ਸੱਜਣ ਐਸਾ ਵਿਚਾਰਵਾਨ ਤਾਂ ਨਹੀਂ ਸੀ, ਕਦੇ ਕਦੇ ਆ ਕੇ ਦਰਸ਼ਨ ਕਰ ਜਾਂਦਾ ਸੀ ਇੱਕ ਸਮੇਂ ਇਹ ਦਰਸ਼ਨ ਕਰਨ ਆਇਆ। ਬਾਬਾ ਜੀ ਨੇ ਸੁਤੇ ਸਿਧ ਹੀ ਪੁਛ ਲਿਆ ਕਿਉਂ ਸੰਤ ਜੀ ਤੁਸੀਂ ਬਾਹਰ ਅੰਦਰ ਜਾਂਦੇ ਹੋ। ਧਰਮ ਅਸਥਾਨਾ ਦੀ ਯਾਤਰਾ ਵੀ ਕਰਦੇ ਹੋ। ਤੁਹਾਡਾ ਸਾਧੂ ਵੇਸ਼ ਵੀ ਹੈ। ਤੁਸੀਂ ਕੋਈ ਭਜਨ ਪਾਠ ਵੀ ਕਰਦੇ ਹੋ?" ਇਸਨੇ ਕਿਹਾ, ਜੀ ਮੈਂ ਤਾ ਕੁਝ ਨਹੀਂ ਕਰਦਾ" ਬਾਬਾ ਜੀ ਨੇ ਫਿਰ ਉਪਰਲਾ ਬਚਨ ਦੁਹਰਾਇਆ, ਨਹੀਂ ਬਈ, ਨਾਮ ਤਾਂ ਜ਼ਰੂਰ ਜਪਣਾ ਚਾਹੀਦਾ ਹੈ। ਤੇ ਤੂੰ ਵੀ ਜਪਿਆ ਕਰ। ਜੇ ਨਾਮ ਨਹੀਂ ਜਪਣਾ ਫੇਰ ਘਰ ਛੱਡ ਕੇ ਬਾਹਰ ਜਾਣ ਦਾ ਕੀ ਸੁਖ ਹੈ? ਫਿਰ ਤੂੰ ਘਰੇ ਹੀ ਰਹਿ। ਆਪਣੇ ਬੱਚੇ ਪਾਲ ਅਤੇ ਕੋਈ ਕਿਰਤ ਕਰ। ਤੇਰਾ ਮਨੁੱਖ ਜਨਮ ਹੈ, ਤੂੰ

ਸਫਲ ਕਰ ਲੈ।" ਇਸਨੇ ਫਿਰ ਵੀ ਇਨਕਾਰ ਕੀਤਾ। ਬਾਬਾ ਜੀ ਨੇ ਫਿਰ ਬਚਨ ਕੀਤਾ ਜੇ ਘਰ ਵੀ ਨਹੀਂ ਰਹਿਣਾ, ਸਾਧੂ ਵੇਸ਼ ਵੀ ਕਰਨਾ, ਕੋਈ ਭਜਨ ਬੰਦਗੀ ਵੀ ਨਹੀਂ ਕਰਨੀ ਫਿਰ ਕੀ ਖੱਟਿਆ।" ਉਸਨੇ ਅਗੋਂ ਮਖੌਲੀਏ ਲਹਿਜ਼ੇ ਆਖਿਆ ਜੀ ਬਸ, ਮੈਂ ਤਾਂ ਐਂਵੇ ਝਾਕੇ ਵਾਕੇ ਲੈਣ ਹੀ ਜਾਂਦਾ ਹਾਂ, ਜਿਸਦਾ ਭਾਵ ਬਾਣੀ ਵਿੱਚ ਇਓ ਕਥਨ ਕੀਤਾ ਹੈ।

**ਤਕਹਿ ਨਾਰਿ ਪਰਾਈਆਂ ਲੁਕਿ ਅੰਦਰਿ ਠਾਣੀ॥**

(ਅੰਗ ੩੧੫) (ਗਉੜੀ ਵਾਰ ਮ. ੫)

ਸੁਣਕੇ ਹਜ਼ੂਰ ਨੇ ਬਚਨ ਕੀਤਾ ਸਮਝ ਗਏ। ਹੁਣ ਤੂੰ ਜਾ ਸਕਦਾ ਹੈ। ਇਤਨਾ ਬਚਨ ਕਰਕੇ ਉਸਨੂੰ ਹੁਕਮ ਦੇ ਕੇ ਤੋਰ ਦਿੱਤਾ। ਉਪਰੰਤ ਥੋੜ੍ਹੇ ਹੀ ਚਿਰ ਬਾਅਦ ਉਸਦੇ ਘਰ ਵਾਲੀ ਦੀ ਅਚਾਨਕ ਮੌਤ ਹੋ ਗਈ। ਫਿਰ ਉਹੀ ਸੱਜਣ ਨੇ ਰੋ ਕੇ ਸਾਰੀ ਵਿਆਖਿਆ ਸੁਣਾਈ। ਸੁਣ ਕੇ ਹਜ਼ੂਰ ਨੇ ਬਚਨ ਕੀਤਾ ਕੋਈ ਫਿਕਰ ਵਾਲੀ ਗੱਲ ਨਹੀਂ। ਬਈ ਹੁਣ ਤੂੰ ਬੇਫਿਕਰ ਹੋ ਕੇ ਝਾਕੇ ਵਾਕੇ ਲੈ ਲਿਆ ਕਰ।

ਇਹ ਬਚਨ ਪੰਡਿਤ ਹੰਸ ਰਾਜ ਭੁੱਚੋਂ ਨਿਵਾਸੀ ਨੇ ਸੁਣਾਇਆ।

## ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥

*(ਅੰਗ ੧੩੮੪)*

ਇਕ ਸਮੇਂ ਭੁੱਚੋ ਨਗਰ ਖੁਦਾ ਬਖਸ਼ ਨਾਮ ਦਾ ਤੇਲੀ ਸੀ। ਉਸ ਨੂੰ ਆਮ ਲੋਕ ਖੁਦਾਈ ਕਰਕੇ ਜਾਣਦੇ ਅਤੇ ਬੁਲਾਉਂਦੇ ਸਨ। ਇਹ ਬੀਨ ਵੀ ਵਜਾਉਂਦਾ ਸੀ। ਬਾਬਾ ਜੀ ਨੇ ਇੱਕ ਵਾਰ ਉਚੇਚਾ ਸੇਵਾਦਾਰ ਭੇਜ ਕੇ ਇਸਨੂੰ ਸੱਦਿਆ ਅਤੇ ਹੁਕਮ ਕੀਤਾ ਅਸਾਡਾ ਬਾਸ਼ਕ ਨਾਗ ਬੀਨ ਸੁਨਣੀ ਚਾਹੁੰਦਾ ਹੈ। ਅੱਜ ਰਾਤ ਨੂੰ ਬੀਨ ਸੁਣਾ। "ਉਸਨੇ ਹੈਰਾਨ ਹੋ ਕੇ ਬੇਨਤੀ ਕੀਤੀ, ਜੀ ਮਹਾਰਾਜ ਕਿਹੜਾ ਬਾਸ਼ਕ ਨਾਗ?" ਉਪਰੰਤ ਬਚਨ ਕੀਤਾ, ਤੂੰ ਸੁਣਾਦੇ ਕਿਹੜਾ ਬਾਸ਼ਕ ਨਾਗ ਤੈਂ ਪੁੱਛ ਕੇ ਕੀ ਲੈਣਾ ਹੈ।" ਹੁਕਮ ਅਨੁਸਾਰ ਰਾਤ ਹੋ ਗਈ ਤੇ ਉਹ ਬੀਨ ਲੈ ਕੇ ਆ ਗਿਆ। ਫਿਰ ਸਾਰੀ ਰਾਤ ਉਸਨੇ ਬੀਨ ਲਗਾਤਾਰ ਵਜਾਈ। ਬਾਬਾ ਜੀ ਸੁਣਦੇ ਰਹੇ। ਜਿਸ ਸਮੇਂ

ਦਿਨ ਚੜ੍ਹਨ ਦਾ ਸਮਾਂ ਹੋਇਆਂ ਉਸਨੂੰ ਇੱਕ ਰੁਪਈਆ ਦੇਣ ਲੱਗੇ। ਉਹ ਲਵੇ ਨਾ। ਹੁਕਮ ਹੋਇਆ ਨਾ ਬਈ ਇਹ ਤਾਂ ਤੈਨੂੰ ਅਸੀਂ ਦੇਣਾ ਹੀ ਹੈ ਤੇ ਤੈਨੂੰ ਲੈਣਾ ਹੀ ਪਵੇਗਾ। ਉਸ ਨੂੰ ਰੁਪਈਆਂ ਦੇਣ ਉਪਰੰਤ ਹੁਕਮ ਹੋਇਆ, ਤੈਂ ਸੱਦੇ ਬਿਨਾਂ ਆਉਣਾ ਨਹੀਂ ਹੋਵੇਗਾ। ਜਦੋਂ ਸੱਦੀਏ ਉਸ ਵੇਲੇ ਰੁਕਣਾ ਨਹੀਂ ਹੋਵੇਗਾ। ਉਪਰੰਤ ਬਹੁਤ ਵਾਰ ਉਸ ਪਾਸੋਂ ਬੀਨ ਕਈ ਵਾਰ ਸੁਣੀ ਹਰ ਵਾਰੀ ਉਸਨੂੰ ਇੱਕ ਰੁਪਈਆਂ ਦੇ ਦਿੰਦੇ ਸਨ। ਸਾਰੀ ਰਾਤ ਲਗਾਤਾਰ ਬੀਨ ਸੁਣਦੇ ਸਨ।

**2**

ਬਾਬਾ ਜੀ ਦੇ ਟਿੱਲੇ ਵਾਲੇ ਅਸਥਾਨ ਉੱਤੇ ਬੇਰੀਆਂ ਬਹੁਤ ਹੁੰਦੀਆਂ ਸਨ ਅਤੇ ਹਜ਼ੂਰ ਇਥੋਂ ਲੱਕੜ ਕੱਟਣ ਵੱਢਣ ਤੋਂ ਰੋਕਦੇ, ਪਰ ਕਈ ਲੋਕ ਅੱਗਾ ਪਿਛਾ ਕਰਦੇ ਅਤੇ ਵੱਢ ਕੇ ਲੈ ਜਾਂਦੇ ਸਨ। ਇਸ ਨਗਰ ਭੁੱਚੋਂ ਵਿੱਚ ਇੱਕ ਹਦੈਤਾ ਨਾਮ ਦਾ ਮੁਸਲਮਾਨ ਮੋਚੀ ਜੁੱਤੀਆਂ ਜੋੜੇ ਬਣਾਉਂਦਾ ਸੀ। ਇੱਕ ਵਾਰ ਟਿੱਲੇ ਉੱਪਰ ਬੈਠਿਆਂ ਨੂੰ ਕਿਸੇ ਦੇ ਲੱਕੜ ਕੱਟਣ ਦੀ ਅਵਾਜ਼ ਆਈ। ਸੇਵਕ ਭੇਜ ਕੇ ਪਤਾ ਕੀਤਾ ਤਾਂ ਉਸਨੇ ਦੱਸਿਆ ਕਿ ਮਹਾਰਾਜ ਹਦੈਤੇ ਮੋਚੀ ਦੇ ਪਰਿਵਾਰ ਵਿਚੋਂ ਕੋਈ ਹੈ। ਫਿਰ ਸੇਵਕ ਨੇ ਅਰਜ ਕੀਤਾ ਜੀ ਇਸ ਨੂੰ ਹਟਾਈਏ ਤਾਂ ਬਾਬਾ ਜੀ ਨੇ ਬਚਨ ਕੀਤਾ ਕਈ ਵਾਰ ਹਟਾ ਚੁੱਕੇ ਹਾਂ ਇਹ ਨਹੀਂ ਹਟਦੇ ਤਾਂ ਹੁਣ ਨਹੀਂ ਹਟਾਉਣੇ ਕਿਸੇ ਸਮੇਂ ਇਹ ਵੀ ਲੱਕੜਾ ਵਾਂਗੂ ਵੱਢੇ ਜਾਣਗੇ। ਉਹ ਬਚਨ ਪਾਕਿਸਤਾਨ ਬਣਨ ਵੇਲੇ ਸੱਤ ਹੋਇਆ।

2 ਬਚਨ ਗੁਲਵੰਤ ਸਿੰਘ ਢਿੱਲੋਂ ਪਾਸੋਂ ਪ੍ਰਾਪਤ ਹੋਏ।

## ਜਿਨਿ ਜਿਨਿ ਕਰੀ ਅਵਗਿਆ।
## ਜਨ ਕੀ ਤੇ ਤੈ ਦੀਏ ਰੁੜ੍ਹਾਈ॥

*(ਅੰਗ ੧੨੩੫)*

ਇਕ ਸਮੇਂ ਬਾਬਾ ਜੀ ਪਾਸ ਕਿਸੇ ਨੇ ਆ ਕੇ ਬੇਨਤੀ ਕੀਤੀ ਕਿ ਮਹਾਰਾਜ ਬਾਬੇ ਨਿਧਾਨੇ ਨੂੰ ਇੱਕ ਸਰਦਾਰ ਨੇ ਧੱਕੇ ਮਰਵਾ ਕੇ ਉਸ ਦੀ ਬਹੁਤ ਨਿਰਾਦਰੀ ਕਰਵਾਈ। ਬਾਬਾ ਜੀ ਨੇ ਸਾਰੀ ਗੱਲ ਵਿਸਥਾਰ ਨਾਲ ਦੱਸਣ ਦਾ ਹੁਕਮ ਕੀਤਾ। ਉਸਨੇ ਇਉਂ ਦੱਸਿਆ ਇੱਕ ਵਾਰ ਮਹਾਰਾਜਾ ਭੁਪਿੰਦਰ ਸਿੰਘ ਪਟਿਆਲੇ ਦੇ, ਜਿਸ ਰਸਤੇ ਤੋਂ ਲੰਘਣਾ ਸੀ, ਉਸ ਰਸਤੇ ਆਮ ਆਦਮੀ ਨੂੰ ਆਉਣ ਤੋਂ ਰੁਕਾਵਟ ਸੀ। ਪਰੰਤੂ ਬਾਬਾ ਨਿਧਾਨਾ ਬੇਪਰਵਾਹ ਫੱਕਰ, ਤਨ ਉੱਤੇ ਕੱਪੜਾ ਕੋਈ ਹੈ ਨਹੀਂ ਸੀ। ਮਹਾਰਾਜੇ ਦੇ ਲੰਘਣ ਤੋਂ ਪਹਿਲਾਂ ਇੱਕ ਸਰਦਾਰ ਗਮਦੂਰ ਸਿੰਘ ਨਾਮ ਸੀ। ਉਸਦੀ ਡਿਊਟੀ ਹੁੰਦੀ ਸੀ ਕਿ ਸਵਾਰੀ ਆਉਣ ਤੋਂ ਪਹਿਲਾਂ ਰਸਤੇ ਉੱਤੇ ਓਹੀ ਬੰਦਾ ਹੋਵੇ ਜਿਹੜਾ ਮਹਾਰਾਜ ਦਾ ਅਦਬ ਕਰ ਸਕਦਾ ਹੋਵੇ, ਅਤੇ ਚੰਗੀ ਪੁਜੀਸ਼ਨ ਵਾਲਾ ਹੋਵੇ। ਪਰੰਤੂ ਉਥੇ ਉਸ ਸਮੇਂ ਬਾਬਾ ਨਿਧਾਨਾ ਜੀ ਇਕੱਲੇ ਬੇਪਰਵਾਹ ਹੋ ਕੇ ਫਿਰਦੇ ਸਨ। ਪਹਿਲਾਂ ਤਾ ਦੋ ਸਿਪਾਹੀ ਆਏ। ਉਨ੍ਹਾਂ ਨੇ ਨਿਧਾਨਾ ਜੀ ਨੂੰ ਵੇਖ ਕੇ ਕਹਿ ਦਿੱਤਾ ਕਿ ਬਾਬਾ ਜੀ ਮਹਾਰਾਜੇ ਦੀ ਸਵਾਰੀ ਨੇ ਲੰਘਣਾ ਹੈ। ਤੁਸੀਂ ਉਸ ਵੇਲੇ ਇਥੇ ਨਾ ਖੜ੍ਹੋ, ਪਾਸੇ ਹੋ ਜਾਓ। ਸਿਪਾਹੀ ਤਾਂ ਇਸ ਤਰ੍ਹਾਂ ਆਖ ਕੇ ਅੱਗੇ ਲੰਘ ਗਏ। ਪਿਛੋਂ ਸ੍ਰ. ਗਮਦੂਰ ਸਿੰਘ ਆ ਗਿਆ। ਉਸਨੇ ਬਾਬਾ ਜੀ ਨੂੰ ਉਥੇ ਖੜ੍ਹੇ ਬਹੁਤ ਬੁਰਾ ਭਲਾ ਆਖਿਆ, ਪਰੰਤੂ ਬਾਬਾ ਨਿਧਾਨਾ ਜੀ ਬੇਪਰਵਾਹ ਫੱਕਰ, ਮਸਤ ਉਥੇ ਖੜ੍ਹੇ ਹੀ ਸੁਣਦੇ ਰਹੇ ਅਤੇ ਇਧਰ ਉਧਰ ਨਾ ਹੀ ਗਏ ਅਤੇ ਅਡੋਲ ਹੀ ਖੜ੍ਹੇ ਰਹੇ ਇਸ ਤੋਂ ਬਾਅਦ ਸ੍ਰ. ਗਮਦੂਰ ਸਿੰਘ ਜਿਸਦੇ ਨਾਲ ਦੋ ਤਿੰਨ ਸਿਪਾਹੀ ਸਨ ਉਨ੍ਹਾਂ ਨੂੰ ਹੁਕਮ ਦੇ ਕੇ ਬਾਬਾ ਨਿਧਾਨੇ ਨੂੰ ਧੱਕੇ ਮਰਵਾ ਕੇ ਸੜਕ ਤੋਂ ਦੂਰ ਕਰਵਾ ਦਿੱਤਾ। ਇਹ ਬਚਨ ਸੁਣਨ ਉਪਰੰਤ ਬਾਬਾ ਜੀ ਇੱਕ ਦੱਮ ਆਪਣੇ ਆਸਨ ਤੋਂ ਉੱਠ

ਕੇ ਬੈਠ ਗਏ ਮਲੂਕੇ ਵਾਲੇ ਪੰਡਿਤ ਜੀ ਸੇਵਾ ਵਿੱਚ ਸਨ। ਉਨ੍ਹਾਂ ਨੂੰ ਬੁਲਾ ਕੇ ਪੁਛਣ ਲੱਗੇ ਗਮਦੂਰ ਦਾ ਕੀ ਅਰਥ ਹੁੰਦਾ ਹੈ। ਪੰਡਿਤ ਜੀ ਨੇ ਦੱਸਿਆ ਗਰੀਬ ਨਿਵਾਜ਼ ਗਮਦੂਰ ਦਾ ਅਰਥ ਹੈ। ਜਿਸ ਦੇ ਕੋਈ ਉਦਾਸ ਜਾ ਗਮ ਜਾਂ ਦੁੱਖ ਨੇੜੇ ਨਾ ਆਵੇ। ਸੁਣਕੇ ਬਾਬਾ ਜੀ ਨੇ ਬਚਨ ਕੀਤਾ ਉਹ ਤਾਂ ਗਮਦੂਰ ਨਹੀਂ ਗਮ ਹਜ਼ੂਰ ਹੈ। ਭਗਤਾਂ ਦੀ ਨਿਰਾਦਗੀ ਕਰਨ ਵਾਲਾ ਗਮਾਂ ਤੋਂ ਦੂਰ ਕਿਵੇਂ ਰਹਿ ਸਕਦਾ ਹੈ। ਉਹ ਤਾਂ ਸਦਾ ਗਮ ਹਜ਼ੂਰ ਹੀ ਰਹੇਗਾ। ਬਾਬਾ ਨਿਧਾਨਾ ਸਾਡਾ ਸੇਵਕ। ਕਾਮ, ਕ੍ਰੋਧ, ਲੋਭ ਤੋਂ ਰਹਿਤ ਮਸਤ ਬੇਫਿਕਰ ਬੇ-ਪਰਵਾਹ, ਉਸਦੀ ਸੇਵਾ ਕਰਨ ਵਾਲਾ ਤਾਂ ਗਮਦੂਰ ਹੋ ਸਕਦਾ ਹੈ। ਦੂਜਾ ਨਹੀਂ-ਇਹ ਤਾਂ ਗਮ ਹਜ਼ੂਰ ਹੈ ਜੋ ਜੋ ਤੇਰੇ ਭਗਤ ਦੁਖਾਏ ਉਹ ਤਤਕਾਲ ਤੁਮਮਾਰਹਾ" ਉਸਦੀ ਹਾਲਤ ਵੀ ਇਸ ਤਰ੍ਹਾਂ ਦੀ ਹੋ ਗਈ ਕਿ ਕਿਸੇ ਕਾਰਨ ਉਹੀ ਸਾਰੀ ਉਮਰ ਜ਼ੇਲ੍ਹ ਵਿੱਚ ਹੀ ਰਿਹਾ।

ਇਹ ਬਚਨ ਪੰਡਿਤ ਸ੍ਰੀ ਰਾਮ ਸਿੰਘ ਜੀ ਤੋਂ ਸ੍ਰ. ਬਲਵੀਰ ਸਿੰਘ ਜੀ ਕਾਨਿਆ ਵਾਲੀ ਵਾਲਿਆਂ ਨੇ ਸੁਣਿਆ ਤੇ ਲਿਖਾਇਆ।

## ਸਾ ਸੇਵਾ ਕੀਤੀ ਸਫਲ ਹੈ
## ਜਿਤੁ ਸਤਿਗੁਰ ਕਾ ਮਨੁ ਮੰਨੇ ॥

*(ਅੰਗ ੩੧੪)*

ਇਕ ਸਮੇਂ ਅਚਾਨਕ ਹੀ ਬਾਬਾ ਅਨੰਦ ਸਿੰਘ ਜੀ ਭਦੌੜ ਵਾਲੇ ਸਰਦਾਰਾਂ ਦੀ ਜ਼ਮੀਨ ਵਿੱਚ ਜਿਥੇ ਕਿ ਆਮ ਸਰਦਾਰ ਸ਼ਿਕਾਰ ਖੇਡਦੇ ਸਨ, ਵਾਧੂ ਜ਼ਮੀਨ ਉਥੇ ਜਾ ਆਸਨ ਲਾ ਲਿਆ। ਉਪਰੰਤ ਇੱਕ ਸਰਦਾਰ ਨੇ ਆ ਕੇ ਦਰਸ਼ਨ ਕੀਤਾ ਅਤੇ ਜਲ ਪਾਣੀ ਦੀ ਸੇਵਾ ਪੁੱਛੀ ਅਤੇ ਘਰ ਆ ਕੇ ਇੱਕ ਨੌਕਰ ਦੇ ਹੱਥ ਪਰਸ਼ਾਦੇ ਦਾ ਡੱਬਾ ਭੇਜ ਦਿੱਤਾ। ਉਸ ਨੌਕਰ ਨੂੰ ਮਰਿਆਦਾ ਦਾ ਪਤਾ ਨਾ ਹੋਣ ਕਰਕੇ ਅਨਜਾਣ ਪੁਣੇ ਵਿੱਚ ਪ੍ਰਸ਼ਾਦਾ ਲੈ ਕੇ ਪਹੁੰਚ ਗਿਆ। ਜਿਸ ਵਕਤ ਉਸ ਨੌਕਰ ਨੇ ਬਾਬਾ ਆਨੰਦ ਸਿੰਘ ਜੀ ਪਾਸ ਪ੍ਰਸ਼ਾਦੇ ਵਾਲਾ ਡੱਬਾ ਰੱਖਿਆ ਅਤੇ ਨਾਲ ਹੀ ਨੌਕਰ ਨੇ ਦੱਸਿਆ ਜੀ ਤੁਹਾਡੇ ਵਾਸਤੇ ਸਰਦਾਰ ਜੀ ਨੇ ਪ੍ਰਸ਼ਾਦਾ ਭੇਜਿਆ ਹੈ। ਪਹਿਲਾਂ ਤਾਂ ਬਾਬਾ ਜੀ ਨੇ ਪੁੱਛਿਆ ਕਿ ਸਰਦਾਰ ਆਪ ਨਹੀਂ ਆਇਆ, ਤਾਂ ਨਹੀਂ

ਕਹਿਣ ਉੱਤੇ ਬਾਬਾ ਜੀ ਨੇ ਪ੍ਰਸ਼ਾਦਾ ਨਾ ਛੱਕਿਆ ਵਾਪਸ ਮੋੜ ਦਿੱਤਾ ਅਤੇ ਨਾਲ ਹੀ ਆਪਣੀ ਮਰਿਆਦਾ ਜੋ ਪ੍ਰਸ਼ਾਦਾ ਬਨਾਉਣ ਦੀ ਸੀ ਉਹ ਵੀ ਦੱਸ ਕੇ ਕਿਹਾ ਜੇ ਸੇਵਾ ਕਰਨੀ ਹੈ ਤਾਂ ਆਪਣੇ ਹੱਥੀ ਚੱਕੀ ਉੱਤੇ ਆਟਾ ਪੀਂਹ ਕੇ ਬਾਣੀ ਪੜ੍ਹਦਿਆਂ ਪ੍ਰਸ਼ਾਦਾ ਤਿਆਰ ਕਰੋ। ਉਹ ਅੰਨ ਅਸਾਨੂੰ ਛਕਣ ਵਾਸਤੇ ਭੇਜਣਾ। ਨਾਮ ਜਪਦੇ ਹੀ ਲੈ ਕੇ ਆਓ ਅਸੀਂ ਗੁਰੂ ਨਾਨਕ ਸਾਹਿਬ ਅੱਗੇ ਅਰਦਾਸ ਕਰਕੇ ਭੋਗ ਲਗਾ ਕੇ ਫਿਰ ਅੰਨ ਮੂੰਹ ਲਾਉਂਦੇ ਹਾਂ। ਜਿਸ ਵਕਤ ਨੌਕਰ ਪ੍ਰਸ਼ਾਦਾ ਲੈ ਕੇ ਘਰ ਆਇਆ, ਨਾਲ ਹੀ ਬਾਬਾ ਜੀ ਦੀ ਮਰਿਆਦਾ ਦੱਸ ਕੇ ਪ੍ਰਸ਼ਾਦਾ ਤਿਆਰ ਕਰਨ ਲਈ ਆਖਿਆ। ਉਸ ਸਰਦਾਰ ਦੇ ਪਰਿਵਾਰ ਨੇ ਇਹ ਨਾ ਕਦੇ ਕੀਤਾ ਸੀ ਨਾ ਹੁਣ ਕਰਨਾ ਚਾਹਿਆ ਅੱਗੇ ਵਾਸਤੇ ਪ੍ਰਸ਼ਾਦਾ ਨਾ ਆਇਆ, ਬੰਦ ਹੋ ਗਿਆ। ਉਪਰੰਤ ਇਥੇ ਬਾਬਾ ਅਨੰਦ ਸਿੰਘ ਜੀ ਇਕੀ ਦਿਨ ਰਹੇ ਅਤੇ ਕਰੀਰਾਂ ਦੇ ਡੇਲੇ ਤੋੜ ਕੇ ਖਾਂਦੇ ਰਹੇ। ਡੇਲੇ ਬਹੁਤ ਗਰਮ ਹੋਣ ਕਰਕੇ ਨਿਗਾਹ ਨੂੰ ਵੀ ਕਮਜ਼ੋਰੀ ਆਈ ਜਿਸ ਵਕਤ ਇਧਰ ਤਾ ਇਹ ਭਾਣਾ, ਉਧਰ ਅੰਦਰੋਂ ਅੰਦਰ ਭੁੱਚੋ ਦੀ ਅੰਦਰੂਨੀ ਤਾਰ ਖੜਕ ਪਈ। ਫਿਰ ਸਰਦਾਰਾਂ ਦੇ ਘਰ ਵਿੱਚ ਵੀ ਤਕਲੀਫ ਹੋਈ। ਸੰਤਨ ਦੁਖ ਪਾਏ ਤੇ ਦੁਖੀ" ਵਾਲੀ ਗੱਲ ਵਰਤ ਗਈ। ਜਿਸ ਸਮੇਂ ਭਾਦੌੜ ਦੇ ਖਾਨਦਾਨ ਵਿਚੋਂ ਕੋਈ ਭੁੱਚੋ ਦਰਸ਼ਨ ਕਰਨ ਆਏ ਤਾਂ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਦਰਸ਼ਨ ਹੀ ਨਾ ਦਿੱਤੇ ਅਤੇ ਬਚਨ ਕੀਤਾ ਅਸਾਡੇ ਪਰੇਰੇ ਹੋਏ ਮਹਾਂਪੁਰਖ ਤੁਹਾਡੇ ਕੋਲ ਗਏ ਅਤੇ ਤੁਸੀਂ ਜਲ ਪਾਣੀ ਨਾ ਪਹੁੰਚਾਇਆ, ਉਨ੍ਹਾਂ ਨੇ ਕਰੀਰਾਂ ਦੇ ਡੇਲੇ ਤੋੜ ਕੇ ਖਾਧੇ। ਇਥੇ ਆ ਕੇ ਦਰਸ਼ਨ ਕਰਨਾ ਚਾਹੁੰਦੇ ਹੋ। ਜਾਉ ਪਹਿਲਾਂ ਮਹਾਂਪੁਰਖਾਂ ਪਾਸੋਂ ਮਾਫੀ ਮੰਗੋ ਨਹੀਂ ਤਾਂ ਜਿਹੜੇ ਡੇਲੇ ਉਨ੍ਹਾਂ ਨੇ ਖਾਧੇ ਹਨ ਉਹ ਤੁਹਾਨੂੰ ਵੀ ਖਾਣੇ ਪੈਣਗੇ। ਇਸ ਦੌਰਾਨ ਪਿੰਡ ਨੈਣੇ ਵਾਲੇ ਦੇ ਸਰਦਾਰ ਨੇ ਕੁਝ ਸੇਵਾ ਕੀਤੀ ਤਾਂ ਜਾ ਕੇ ਕਿਸੇ ਸਮੇਂ ਭੁੱਚੋ ਵਾਲੇ ਬਾਬਾ ਜੀ ਨੇ ਦਰਸ਼ਨ ਦਿੱਤੇ। ਸਰਦਾਰ ਦੇ ਪਰਿਵਾਰ ਨੂੰ ਖੁਸ਼ੀਆਂ ਬਖਸ਼ੀਆਂ।

ਇਹ ਬਚਨ ਸੰਤ ਖੇਮ ਸਿੰਘ ਜੀ ਬਾਬਾ ਅਨੰਦ ਸਿੰਘ ਜੀ ਦੇ ਹਜ਼ੂਰੀ ਸੇਵਕ ਬਾਬਾ ਹਜ਼ੂਰਾ ਸਿੰਘ ਆਦਿਕ ਸੁਣਾਉਂਦੇ ਰਹੇ ਜੀਵਨ ਝਲਕੀਆਂ ਵਿੱਚ ਵੀ ਦਰਜ ਹੈ।

# ਜੇ ਓਇ ਦਿਸਹਿ ਨਰਕਿ ਜਾਦੇ ਤਾਂ ਉਨਕਾ ਦਾਨੁ ਨ ਲੈਣਾ ॥

*(ਅੰਗ ੧੨੯੦)*

ਕਲਿਆਣ ਸੁੱਖਾ ਦੇ ਰਹਿਣ ਵਾਲਾ ਪੰਡਿਤ ਹਰ ਯਸ਼ ਰਾਏ ਆਪਣੇ ਸਮੇਂ ਦਾ ਮੰਨਿਆ ਪ੍ਰਮੰਨਿਆ ਵਿਦਵਾਨ ਸੀ। ਕਹਿੰਦੇ ਤਾਂ ਇਸਨੂੰ ਵਿਦਾਂਤੀ ਸੀ ਪਰੰਤੂ ਸਰੋਤ ਹੈ ਕਿ ਇਹ ਵੇਦ ਪਾਠੀ ਦੇ ਨਾਮ ਤੇ ਜਾਣਿਆ ਜਾਂਦਾ ਸੀ। ਕਿਸੇ ਸਮੇਂ ਜੰਮੂ ਵਾਲੇ ਮਹਾਰਾਜੇ ਰਣਬੀਰ ਸਿੰਘ ਨੇ ਇਸ ਉੱਪਰ ਪ੍ਰਸੰਨ ਹੋ ਕੇ ਬਹੁਤ ਸੇਵਾ ਕੀਤੀ ਸੀ। ਪੰਡਿਤ ਹਰ ਯਸ਼ ਰਾਏ ਦੇ ਕਹਿਣ ਉੱਪਰ ਕਲਿਆਣਾ ਵਾਲਾ ਮੰਦਰ ਵੀ ਉਸਨੇ ਬਣਾ ਦਿੱਤਾ। ਹੋਰ ਜਾਇਦਾਦ ਵੀ ਬਹੁਤ ਸੀ। ਜਿਵੇਂ ਕਿ ਵਿਦਵਾਨ ਕੋਲ ਕੋਈ ਕਮੀ ਨਹੀਂ ਹੁੰਦੀ। ਕਿਸੇ ਸਮੇਂ ਹਰ ਯਸ਼ ਵੇਦਾਂਤੀ ਬਾਬਾ ਹਰਿਨਾਮ ਸਿੰਘ ਜੀ ਪਾਸ ਦੁੱਧ ਦੀ ਭੇਟਾ ਲੈ ਕੇ ਹਾਜ਼ਰ ਹੋਇਆ। ਬਾਬਾ ਜੀ ਕਿਸੇ ਦੀ ਕੋਈ ਵਸਤੂ ਮੁੱਲ ਦੇ ਕੇ ਮਨੂਜ਼ਰ ਕਰਦੇ ਸਨ। ਕੋਈ ਕੋਈ ਵਿਰਲਾ ਹੀ ਸਤਸੰਗੀ ਹੁੰਦਾ ਸੀ, ਜਿਸਦੀ ਕੋਈ ਵਸਤੂ ਬਗੈਰ ਮੁੱਲ ਦਿੱਤਿਆਂ ਲੈਂਦੇ ਸਨ। ਉਸ ਮਰਿਆਦਾ ਅਨੁਸਾਰ ਪੰਡਿਤ ਹਰ ਯਸ਼ ਰਾਇ ਦਾ ਦੁੱਧ ਮੋੜ ਕੇ ਲੈ ਜਾਣ ਦਾ ਹੁਕਮ ਕੀਤਾ। ਉਸਦੇ ਬਾਰ-ਬਾਰ ਬੇਨਤੀ ਕਰਨ ਉੱਤੇ ਫਿਰ ਹਜ਼ੂਰ ਨੇ ਬਚਨ ਕੀਤਾ ਅਸੀਂ ਤਾਂ ਬ੍ਰਾਹਮਣ ਦੇ ਘਰ ਦੀ ਕੋਈ ਚੀਜ਼ ਲੈਂਦੇ ਨਹੀਂ ਤੇਰੇ ਨਾਲ ਐਨੀ ਰਿਆਇਤ ਕਰ ਦਿੱਤੀ ਹੈ। ਤੇਰੀ ਚੀਜ਼ ਅਸੀਂ ਮੁੱਲ ਦੇ ਕੇ ਲੈਂਦੇ ਹਾਂ। ਜੇ ਤੈਨੂੰ ਮਨਜ਼ੂਰ ਹੈ ਤਾਂ ਠੀਕ ਹੈ, ਨਹੀਂ ਦੇਵਤਾ ਆਪਣਾ ਦੁੱਧ ਮੋੜ ਕੇ ਲੈ ਜਾਹ। ਉਪਰੰਤ ਕੋਈ ਹੋਰ ਉੱਤਰ ਪ੍ਰਸ਼ਨ ਨਹੀਂ, ਪਰੰਤੂ ਬਾਬਾ ਜੀ ਆਪਣੇ ਬਚਨ ਉੱਤੇ ਅਟੱਲ ਰਹੇ। ਆਖਿਰ ਤੇ ਹਜ਼ੂਰ ਨੇ ਬਚਨ ਕੀਤਾ ਕਿ ਤੂੰ ਵਿਦਵਾਨ ਹੈ। ਜੇ ਤੇਰੀ ਆਪਣੀ ਕਮਾਈ ਹੋਵੇ ਤਾਂ ਲੈ ਲਈਏ। ਤੇਰੇ ਘਰ ਵਿੱਚ ਤਾਂ ਐਸ ਵੇਲੇ ਪੀਣ ਵਾਲਾ ਪਾਣੀ ਵੀ ਜੰਮੂ ਵਾਲੇ ਰਾਜੇ ਦਾ ਹੈ। ਪੰਡਿਤ ਜੀ ਰਾਜੇ ਦਾ ਖਾ ਕੇ ਪਚਾਉਣਾ ਬਹੁਤ ਮੁਸ਼ਕਿਲ ਹੈ। ਰਾਜੇ ਦਾ ਖਾਧਾ ਪੱਚਦਾ

ਨਹੀਂ ਹੁੰਦਾ। ਅਜੇ ਪੰਡਿਤ ਦੇ ਨਾਲ ਬਚਨ ਹੋ ਰਹੇ ਸਨ। ਠੀਕ ਇਸ ਮੌਕੇ ਦੇ ਉੱਪਰ ਗੋਬਿੰਦ ਪੁਰੇ ਦੇ ਪ੍ਰੇਮੀ ਆਪਣੇ ਨਿਯਮ ਦੇ ਅਨੁਸਾਰ ਦੁੱਧ ਦੀ ਭਰੀ ਵਲਟੋਹੀ ਲੈ ਕੇ ਆਣ ਪਹੁੰਚੇ। ਸੇਵਕ ਨੇ ਉਨ੍ਹਾਂ ਦਾ ਨਾਮ ਲੈ ਕੇ ਆਗਿਆ ਮੰਗੀ ਜੋ ਉਨ੍ਹਾਂ ਨੂੰ ਉਸੇ ਵਕਤ ਆਗਿਆ ਮਿਲ ਗਈ। ਸਭ ਕੁਝ ਪੰਡਿਤ ਜੀ ਦੇ ਸਾਹਮਣੇ ਹੋ ਗਿਆ। ਆਖਿਰ ਨੂੰ ਪੰਡਿਤ ਹਰਯਸ਼ ਰਾਏ ਨੂੰ ਦੁੱਧ ਵਾਪਸ ਲੈਣ ਜਾਣ ਦਾ ਹੁਕਮ ਹੋਇਆ। ਬਾਬਾ ਜੀ ਨੇ ਉਸਦੀ ਸੇਵਾ ਮਨਜ਼ੂਰ ਨਹੀਂ ਕੀਤੀ।

ਉਪਰਲੇ ਦੋ ਸਿੰਘਾਂ ਵਿਚੋਂ ਇੱਕ ਬਜ਼ੁਰਗ ਹਜ਼ੂਰ ਸਿੰਘ ਨਾਮ ਦਾ ਗੋਬਿੰਦ ਪੁਰਾ ਨਿਵਾਸੀ ਉਸ ਵਕਤ ਮੌਕੇ ਤੇ ਹਾਜ਼ਰ ਸੀ। ਇਹ ਪ੍ਰਸੰਗ ਉਸ ਪਾਸੋਂ ਮਿਲਿਆ।

## ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ

*(ਅੰਗ ੩੦੬)*

ਮਾਲਵੇ ਦੇ ਇਲਾਕੇ ਵਿੱਚ ਦਉਧਰ ਨਾਮ ਦਾ ਮਸ਼ਹੂਰ ਨਗਰ ਹੈ। ਇਸ ਨਗਰ ਦਾ ਇੱਕ ਸ੍. ਕੇਸਰ ਸਿੰਘ ਨਾਮ ਦਾ ਗੁਰਮੁਖ ਮਾਲ ਦੇ ਮਹਿਕਮੇ ਵਿੱਚ ਪਟਵਾਰੀ ਸੀ। ਕਿਸੇ ਪੂਰਬਲੇ ਪੁੰਨਾਂ ਦੇ ਸੱਦਕੇ ਇਸ ਨੂੰ ਬਾਬਾ ਜੀ ਦੀ ਸੰਗਤ ਮਿਲ ਗਈ। ਇਹ ਕੋਈ ਪੂਰਬਲੇ ਪੁੰਨਾਂ ਦੇ ਸੱਦਕੇ ਇਸ ਨੂੰ ਬਾਬਾ ਜੀ ਨਾਲ ਪਿਆਰ ਬਹੁਤ ਹੋ ਗਿਆ। ਜੋ ਸਰ ਬਣ ਆਉਂਦਾ ਸੇਵਾ ਵੀ ਕਰਦਾ ਸੀ। ਇਸ ਕੇਸਰ ਸਿੰਘ ਦਾ ਲੜਕਾ ਅਜੇ ਅਠਵੀਂ ਜਮਾਤ ਵਿੱਚ ਪੜ੍ਹਦਾ ਸੀ। ਬਖਸ਼ਿਸ਼ਾਂ ਦੇ ਘਰ ਆ ਕੇ ਇੱਕ ਸਮੇਂ ਬਾਬਾ ਜੀ ਨੇ ਇਸ ਦੇ ਲੜਕੇ ਨੂੰ ਬਾਬਾ ਜੀ ਮੋਗਾ ਸਿੰਘ ਕਹਿਕੇ ਬੋਲਦੇ ਸਨ। ਕੇਸਰ ਸਿੰਘ ਨੇ ਬੇਨਤੀ ਕਰਨੀ ਮਹਾਰਾਜ ਮੋਗਾ ਸਿੰਘ ਨਾਮ ਦਾ ਕਿ ਮਤਲਬ ਹੋਇਆ ਬਾਬਾ ਜੀ ਨੇ ਬਚਨ ਕਰਨੇ ਕੇਸਰ ਸਿੰਘ ਕੋਈ ਸਮਾਂ ਆਵੇਗਾ ਇਸ ਮੋਗਾ ਸਿੰਘ ਦੀ ਮੋਗਾ ਸ਼ਹਿਰ ਕੋਠੀ ਹੋਵੇਗੀ। ਇਹ ਬਹੁਤ ਤਕੜਾ ਆਦਮੀ ਬਣੇਗਾ। ਸਮਾਂ ਆਉਣ ਉੱਤੇ ਬਾਬਾ ਜੀ ਦੇ ਬਚਨਾਂ ਨੇ ਰੰਗ

ਭਾਗ ਲਾਏ। ਉਸ ਸਮੇਂ ਕੋਈ ਵਿਰਲਾ ਹੀ ਵਕਾਲਤ ਪਾਸ ਕਰਦਾ ਸੀ। ਪਰੰਤੂ ਮੋਗਾ ਸਿੰਘ ਨੇ ਲਾਹੌਰ ਦੀ ਬੀ ਏ ਪਾਸ ਕਰਨ ਉਪਰੰਤ ਬੀ.ਏ.ਐਲ.ਐਲ.ਬੀ. (ਵਕਾਲਤ) ਪਾਸ ਕਰ ਲਈ। ਇਹ ਪੰਜ ਭਰਾ ਹੀ ਬਾਬਾ ਜੀ ਦੇ ਬਚਨਾਂ ਨਾਲ ਕਿਸੇ ਸਮੇਂ ਚੰਗੇ ਅਮੀਰ ਹੋ ਗਏ। ਸ੍ਰ. ਨਿਰੰਜਨ ਸਿੰਘ ਨੇ ਅਫਰੀਕਾ ਵਿੱਚ ਰਹਿ ਕੇ ਮੋਗੇ ਆਪਣੀ ਕੋਠੀ ਬਣਵਾਈ। ਮੋਗਾ ਸਿੰਘ ਜਸਬੀਰ ਸਿੰਘ, ਬਰਾੜ ਵਕੀਲ ਬਣੇ। ਉਨ੍ਹਾਂ ਦੇ ਭਾਈ ਹਰਭਜਨ ਸਿੰਘ ਬੀਮਾ ਕੰਪਨੀ ਵਿੱਚ ਜਰਨਲ ਮੈਨੇਜਰ ਰਹੇ ਤੀਸਰਾ ਜੋਗਿੰਦਰ ਸਿੰਘ ਦਾ ਆਪਣਾ ਕਾਰੋਬਾਰ ਚੰਗਾ ਅਤੇ ਸੱਤ ਗੱਡੀਆਂ ਕਲਕੱਤੇ ਵਿੱਚ ਜੋਗਿੰਦਰ ਸਿੰਘ ਦਾ ਲੜਕਾ ਇੰਦਰਜੀਤ ਸਿੰਘ ਆਈ ਏ ਐਸ ਪੰਜਾਬ ਸਰਕਾਰ 1947 ਤੋਂ 1973 ਤਕ ਲਗਾਤਾਰ ਬੰਬਈ ਵਿੱਚ ਰਿਹਾ। ਕੇਸਰ ਸਿੰਘ ਜੀ ਪਟਵਾਰੀ ਸਿਰਫ ਬਾਬਾ ਜੀ ਨੂੰ ਦੁੱਧ ਛਕਣ ਦੀ ਸੇਵਾ ਕਰਦੇ ਸਨ। ਮੋਗਾ ਸਿੰਘ ਸ੍ਰ. ਜਸਬੀਰ ਸਿੰਘ ਉਸ ਵੇਲੇ ਅਠਵੀਂ ਜਮਾਤ ਵਿੱਚ ਪੜ੍ਹਦਾ ਸੀ। ਛੁੱਟੀਆਂ ਦੇ ਸਮੇਂ ਇਸਨੇ ਡੇਰੇ ਜਾ ਕੇ ਪੜ੍ਹਨਾ ਅਤੇ ਉਥੇ ਹੀ ਸੌਂ ਜਾਣਾ। ਬਾਬਾ ਜੀ ਦੀਆਂ ਮੇਹਰਾਂ ਸਦਕਾ ਅੱਜ ਕੋਠੀਆਂ ਮਿਲੀਆਂ ਹਨ। ਬਾਬਾ ਜੀ ਨੇ ਕੇਸਰ ਸਿੰਘ ਨੂੰ ਇੱਕ ਚੁਆਨੀ ਬਖਸ਼ੀ ਸੀ। ਹੁਕਮ ਕੀਤਾ ਸੀ ਕਿ ਇਸਨੂੰ ਖਜਾਨੇ ਵਿੱਚ ਰੱਖਣਾ। ਮਾਇਆ ਦੀ ਤੋਟ ਨਹੀਂ ਆਵੇਗੀ। ਉਹ ਚੁਆਨੀ ਉਨੀਂ ਸੌ ਤਰਿਆਸੀ ਤਕ ਇਨ੍ਹਾਂ ਦੇ ਖਾਨਦਾਨ ਪਾਸ ਰਹੀ। 1810 ਤੋਂ ਲੈ ਕੇ 1910 ਦਰਮਿਆਨ ਦੇ ਇਹ ਬਚਨ ਹਨ।

## 2

ਸ੍ਰ. ਕੇਸਰ ਸਿੰਘ ਪਟਵਾਰੀ ਦੇ ਵੱਡੇ ਭਰਾ ਜਿਸਦਾ ਨਾਮ ਨੱਥਾ ਸਿੰਘ ਸੀ ਆਪਣੇ ਭਰਾ ਨੂੰ ਮਿਲਣ ਲਈ ਭੁੱਚੋਂ ਗਏ। ਦੁੱਧ ਬਾਬਾ ਜੀ ਦੇ ਅੱਗੇ ਰੱਖ ਕੇ ਮੱਥਾ ਟੇਕਿਆ। ਉਪਰੰਤ ਬਾਬਾ ਜੀ ਨਾਲ ਗੱਲਾ ਕਰਦੇ ਰਹੇ ਇਸ ਦੌਰਾਨ ਹਨ੍ਹੇਰਾ ਹੋ ਗਿਆ। ਬਾਬਾ ਨੱਥਾ ਸਿੰਘ ਦੇ ਮਨ ਵਿੱਚ ਫੁਰਨਾ ਆਇਆ। ਅੰਤਰਯਾਮੀ ਉਸਦੇ ਮਨ ਦੀ ਜਾਣ ਕੇ ਨੱਥਾ ਸਿੰਘ ਨੂੰ ਕਹਿਣ ਲੱਗੇ  ਨੱਥਾ ਸਿੰਘ ਹਨ੍ਹੇਰਾ ਹੋ ਗਿਆ ਹੈ। ਤੂੰ ਕਿਥੇ ਕੇਸਰ ਸਿੰਘ ਦਾ ਘਰ ਭਾਲਦਾ ਫਿਰੇਂਗਾ ਰਾਤ ਨੂੰ ਇਥੇ ਹੀ ਪੈ ਜਾਹ।" ਹੁਕਮ ਮੰਨ ਕੇ ਨੱਥਾ ਸਿੰਘ ਉਥੇ ਹੀ ਲੇਟ ਗਿਆ। ਰਾਤ ਨੂੰ ਬਾਬਾ ਜੀ ਨੇ ਨਰ

ਸਿੰਘ ਦਾ ਰੂਪ ਧਾਰ ਲਿਆ, ਜਿਸਨੂੰ ਨਗਰ ਦੇ ਲੋਕ ਬਾਬਾ ਸ਼ੇਰ ਹੀ ਆਖਦੇ ਸਨ। ਜਿਸ ਵਕਤ ਨਰਸਿੰਘ ਦਾ ਰੂਪ ਧਾਰ ਕੇ ਭਬਕ ਮਾਰੀ ਨੱਥਾ ਸਿੰਘ ਦੇ ਉੱਪਰ ਦੀ ਭਬਕ ਮਾਰ ਕੇ ਲੰਘ ਗਏ। ਅਚਾਨਕ ਨੱਥਾ ਸਿੰਘ ਇਤਨਾ ਡਰਿਆ ਕਿ ਇਸਦਾ ਪਿਸ਼ਾਬ ਵੀ ਵਿੱਚ ਨਿਕਲ ਗਿਆ। ਉਪਰੰਤ ਧੀਰਜ ਦਿੱਤਾ ਅਤੇ ਕਹਿਣ ਲੱਗੇ ਕਿਉਂ ਨੱਥਾ ਸਿਆਂ, ਤੇਰੇ ਮਨ ਦੀ ਖਾਹਸ਼ ਪੂਰੀ ਹੋ ਗਈ ਹੈ। ਹੁਣ ਤੂੰ ਡਰਨਾ ਨਹੀਂ।

**ਅਪੁਨੇ ਚਲਿਤ ਆਪਿ ਕਰਣੈਹਾਰ॥**
**ਕਉਤਕ ਕਰੈ ਰੰਗ ਅਪਾਰ।**

(ਅੰਗ ੨੭੯) (ਗਉੜੀ ਸੁਖਮਨੀ ਸਾਹਿਬ)

**3**

ਬਾਬਾ ਪਾਖਰ ਸਿੰਘ, ਕੇਸਰ ਸਿੰਘ ਹੋਰਾਂ ਦੇ ਸਾਰੇ ਭਰਾਵਾਂ ਵਿਚੋਂ ਛੋਟਾ ਹੋਣ ਕਰਕੇ ਇਸਨੂੰ ਸਾਰੇ ਭਰਾ ਆਪਣੇ ਹੁਕਮ ਵਿੱਚ ਰੱਖਦੇ ਸਨ। ਪਰ ਇਹ ਵੱਡੇ ਭਰਾਵਾਂ ਦੇ ਦਬਾਅ ਥੱਲੇ ਰਹਿਣ ਕਰਕੇ ਔਖਾ ਸੀ। ਇਹ ਪਾਖਰ ਸਿੰਘ ਆਪਣੇ ਮਨ ਵਿੱਚ ਇਹ ਧਾਰ ਕੇ ਬੇਨਤੀ ਕਰਨੀ ਚਾਹੁੰਦਾ ਸੀ। ਅੰਤਰਜਾਮੀ ਬਾਬਾ ਜੀ ਪਾਖਰ ਸਿੰਘ ਦੀ ਮਨ ਦੀ ਜਾਣ ਕੇ ਇਸ ਪ੍ਰਤੀ ਬਚਨ ਕੀਤਾ ਤੂੰ ਪਾਖਰ ਸਿੰਘ ਦੇ ਥਾਂ ਹੋਰ ਨਾਮ ਰਖਵਾ ਲੈ। ਫਿਰ ਤਾਂ ਛੁਟਕਾਰਾ ਹੋ ਸਕਦਾ ਹੈ। ਜੇ ਤੂੰ ਏਹੀ ਨਾਮ ਰੱਖੇਗਾ ਫਿਰ ਤਾਂ ਤੈਨੂੰ ਸਾਰੀ ਜ਼ਿੰਦਗੀ ਭਰਾਵਾਂ ਦੇ ਦਬਾਅ ਥੱਲੇ ਹੀ ਰਹਿਣਾ ਪਵੇਗਾ। ਪਾਖਰ ਸਿੰਘ ਨੂੰ ਹੁਕਮ ਅਨੁਸਾਰ ਆਪਣਾ ਨਾਮ ਨਹੀਂ ਬਦਲਿਆ। ਉਪਰੰਤ ਸਾਰੀ ਜ਼ਿੰਦਗੀ ਉਸ ਨਾਲ ਇਹੋ ਹੀ ਹਾਲਤ ਰਹੀ। ਸੋ ਬਾਬਾ ਜੀ ਦੇ ਇਕ-ਇਕ ਬਚਨ ਬੰਦੇ ਦੇ ਉਮਰ ਭਰ ਨਾਲ ਨਿਭਦੇ ਸਨ। ਜੋ ਬਚਨ ਹੋਇਆ ਉਹੋ ਹੀ ਹੋ ਕੇ ਵਰਤਿਆ।

**4**

ਕੇਸਰ ਸਿੰਘ ਪਟਵਾਰੀ ਆਪਣੇ ਭਤੀਜੇ ਨੂੰ ਜਿਸਦਾ ਨਾਮ ਨਰੈਣ ਸਿੰਘ ਸੀ ਆਪਣੇ ਕੋਲ ਭੁੱਚੋਂ ਹੀ ਲੈ ਆਇਆ ਅਤੇ ਇਸਨੇ ਅੱਠ ਜਮਾਤਾਂ ਤਕ ਇਥੇ ਰਹਿ ਕੇ ਪੜ੍ਹਾਈ ਕੀਤੀ। ਇਸ ਨਰੈਣ ਸਿੰਘ ਨੂੰ ਬਾਬਾ ਜੀ ਬਚਨ ਕਰਦੇ ਸਨ। ਤੇਰੇ ਸੱਜੇ ਪੈਰ ਵਿੱਚ ਇੱਕ ਲਕੀਰ ਹੈ। ਜਿਹੜੀ ਅੱਡੀ

ਤੋਂ ਚੱਲ ਕੇ ਪੈਰ ਦੇ ਅੰਗੂਠੇ ਤਕ ਜਾਂਦੀ ਹੈ। ਪਰ ਵਿਚਾਲਿਉ ਟੁੱਟੀ ਹੋਈ ਹੈ, ਜੇ ਕਿਤੇ ਇਹ ਵਿਚਾਲਿਓਂ ਟੁੱਟੀ ਨਾ ਹੁੰਦੀ ਤਾਂ ਬਹੁਤ ਚੰਗਾ ਸੀ। ਤੈਂ ਪਿਛਲੇ ਜਨਮ ਤਪੱਸਿਆ ਕੀਤੀ ਹੈ। ਤੇਰੀ ਤਪੱਸਿਆ ਵਿੱਚ ਵਿਘਨ ਪਿਆ ਹੈ। ਜਿਥੇ ਤੂੰ ਤਪ ਕੀਤਾ ਉਸ ਜਗ੍ਹਾਂ ਹੇਠ ਸਾਕਤ ਪੁਰਸ਼ ਦੀਆਂ ਹੱਡੀਆਂ ਸਨ। ਇਸ ਕਰਕੇ ਵਿਘਨ ਪਿਆ ਹੈ। ਫਿਰ ਵੀ ਉਸ ਤਪ ਸਦਕੇ ਜ਼ਿੰਦਗੀ ਭਰ ਸੁਖ ਪਾਏਂਗਾ ਨਾਲ ਹੀ ਬਚਨ ਕੀਤਾ ਬਚਨ ਤਪ ਨਾਲੋਂ ਵੱਡੀ ਭਗਤੀ ਹੁੰਦੀ ਹੈ। ਤੇਰੇ ਕੋਲ ਤਪ ਹੈ ਭਗਤੀ ਨਹੀਂ। ਇਸ ਕਰਕੇ ਹੱਡੀਆਂ ਨੇ ਵਿਘਨ ਪਾ ਦਿੱਤਾ। ਫਿਰ ਵੀ ਤੂੰ ਸੁਖ ਪਾਵੇਗਾ।"

ਬਾਬਾ ਜੀ ਦੇ ਬਚਨ ਅਨੁਸਾਰ ਨਰੈਣ ਸਿੰਘ ਪਟਵਾਰੀ ਭਰਤੀ ਹੋਇਆ। ਰਿਆਸਤ ਬਹਾਵਲ ਪੁਰ ਜੋ ਹੁਣ ਪਾਕਿਸਤਾਨ ਵਿੱਚ ਹੈ ਨੌਕਰੀ ਕੀਤੀ। ਫਿਰ ਪਟਵਾਰੀ ਤੋਂ ਤਰੱਕੀ ਕਰਕੇ ਦਫਤਰ ਕਾਨੂੰਨ ਬਣ ਗਏ। ਉਪਰੰਤ ਅੱਠਤਾਲੀ ਸਾਲ ਦੀ ਉਮਰ ਵਿੱਚ ਮੌਤ ਹੋਈ। ਇਨ੍ਹਾਂ ਦੇ ਕੋਈ ਬੱਚਾ ਨਹੀਂ ਸੀ। ਬਾਬਾ ਮਹਾਂ ਹਰਿਨਾਮ ਸਿੰਘ ਜੀ ਬਚਨਾਂ ਦੇ ਸਦਕੇ ਸਭ ਕੁਝ ਪ੍ਰਾਪਤ ਹੋਇਆ। ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਹਿ ਅਸੰਖ ਕਰੋੜੇ।

ਧੰਨ ਧੰਨ ਧੰਨ ਬਾਬਾ ਮਹਾਂ ਹਰਿਨਾਮ ਸਿੰਘ ਜੀ ਗਰੀਬ ਨਿਵਾਜ਼।

ਇਹ ਬਚਨ ਅਜਮੇਰ ਸਿੰਘ ਪੋਤਰਾ ਸ੍ਰ. ਪਾਖਰ ਸਿੰਘ ਨਿਵਾਸੀ ਦਉਧਰ ਪਾਸੋਂ ਮਿਲਿਆ।

## ਸਿਧ ਸਾਧਿਕ ਗਿਆਨੀ ਧਿਆਨੀਆ
## ਕਉਣੁ ਤੁਧੁਨੋ ਤੋਲੈ ॥

*(ਅੰਗ ੧੧੦੨)*

ਸ੍ਰ. ਗੁਰਬਚਨ ਸਿੰਘ ਭਦੌੜ ਵਾਲੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਬਚਨ ਮੰਨ ਕੇ ਤਹਿਸੀਲਦਾਰੀ ਤੋਂ ਅਸਤੀਫਾ ਦੇ ਕੇ ਸੇਵਾ ਕਰਨ ਲੱਗ ਪਏ ਸਨ। ਇਸ ਸਮੇਂ ਪੰਡਿਤ ਜੀ ਮਲੂਕੇ ਵਾਲੇ ਸੇਵਾ ਵਿੱਚ ਹਾਜ਼ਰ ਸਨ। ਇੱਕ ਵਾਰ ਸ੍ਰ. ਗੁਰਬਚਨ ਸਿੰਘ ਜੀ ਨੇ ਸੁਪਨੇ ਵਿੱਚ ਵੇਖਿਆ

ਕਿ ਭੁੱਚੋਂ ਡੇਰੇ ਤੋਂ ਬਾਹਰ ਰੱਥ ਗੱਡੀਆਂ ਮੋਟਰਾਂ ਬੇਅੰਤ ਖੜ੍ਹੀਆਂ ਹਨ। ਦਿਨੇ ਇਨ੍ਹਾਂ ਨੇ ਬਾਬਾ ਜੀ ਨੂੰ ਸੁਪਨਾ ਸੁਣਾ ਕੇ ਪੁੱਛਿਆਂ ਕਿ ਮਹਾਰਾਜ ਐਨੀਆਂ ਮੋਟਰਾਂ ਕਾਰਾਂ ਡੇਰੇ ਤੋਂ ਬਾਹਰ ਕਿਵੇਂ ਆ ਗਈਆਂ। ਇਸ ਸੁਪਨੇ ਦੇ ਦ੍ਰਿਸ਼ਟਾਂਤ ਦਾ ਬਾਬਾ ਜੀ ਨੇ ਇਉਂ ਉੱਤਰ ਦਿੱਤਾ, ਕੋਈ ਸਮਾਂ ਆਵੇਗਾ ਮੋਟਰਾਂ ਕਾਰਾਂ ਇਥੇ ਹੀ ਆਉਣਗੀਆਂ। ਇਹ ਤੁਹਾਨੂੰ ਸੇਵਕਾਂ ਨੂੰ ਨਿਰੰਕਾਰ ਨੇ ਪਹਿਲਾਂ ਹੀ ਵਿਖਾ ਦਿੱਤਾ ਹੈ ਇਹ ਮੋਟਰਾਂ ਕਾਰਾਂ ਵਾਲੇ ਸਭ ਆਪਣੇ ਹੀ ਹਨ। ਜਦੋਂ ਇਨ੍ਹਾਂ ਦਾ ਸਮਾਂ ਆਵੇਗਾ। ਇਹ ਵੀ ਆ ਜਾਣਗੇ। ਹੁਣ ਇਹ ਬਚਨ ਸੱਤ ਹੋ ਰਿਹਾ ਹੈ।

## 2

ਸ੍ਰ. ਗੁਰਬਚਨ ਸਿੰਘ ਆਪਣੀ ਭੈਣ ਦੇ ਵਿਆਹ ਤੋਂ ਬਾਅਦ ਆਪਣੀ ਭੈਣ ਸਮੇਤ ਬਾਬਾ ਜੀ ਦੇ ਦਰਸ਼ਨ ਕਰਨ ਆਏ। ਭੇਟਾ ਦੇ ਤੌਰ ਅਨਾਰਾਂ ਦੀਆਂ ਪੇਟੀਆਂ ਲੈ ਕੇ ਹਾਜ਼ਰ ਹੋਏ। ਤੇਰਾਂ ਪੇਟੀਆਂ ਦੀ ਗਿਣਤੀ ਕਰਕੇ ਬਾਬਾ ਜੀ ਬੜੇ ਪ੍ਰਸੰਨ ਹੋਏ। ਸਾਰੀ ਮਰਿਯਾਦਾ ਹੁਕਮ ਨਾਲ ਕਰਵਾਈ। ਨਾਲ ਹੀ ਇੱਕ ਬਚਨ ਕੀਤਾ ਕਿ ਬੀਬੀ ਮਹਿੰਦੀ ਦਾ ਰੰਗ ਜਿਵੇਂ ਛੇਤੀ ਚੜ੍ਹਿਆ ਹੈ। ਇਹ ਉੱਤਰ ਵੀ ਛੇਤੀ ਜਾਵੇਗਾ।" ਇਹ ਗੁੱਝੀ ਕਿਸੇ ਨਾ ਸਮਝੀ। ਇਹ ਭਾਣਾ ਇਉਂ ਵਰਤਿਆ। ਪਹਿਲਾਂ ਤਾਂ ਇਨ੍ਹਾਂ ਦੇ ਘਰ ਬੱਚਾ ਨਹੀਂ ਹੋਇਆ, ਫਿਰ ਥੋੜ੍ਹੇ ਸਮੇਂ ਵਿੱਚ ਹੀ ਚਲਾਣਾ ਕਰ ਗਏ।

ਸ੍ਰ. ਗੁਰਬਚਨ ਸਿੰਘ ਦੀ ਛੋਟੀ ਭੈਣ ਅੱਠਵੀਂ ਜਮਾਤ ਵਿੱਚ ਪੜ੍ਹਦੀ ਸੀ। ਕੁਦਰਤ ਨੇ ਸਮਾਂ ਐਸਾ ਬਣਾਇਆ ਅਤੇ ਉਹ ਬੀਬੀ ਦੀ ਮੌਤ ਹੋ ਗਈ। ਉਪਰੰਤ ਬੀਬੀ ਦੀ ਮਾਤਾ ਬਹੁਤ ਵੈਰਾਗ ਕਰਿਆ ਕਰੇ। ਜਿਵੇਂ ਜਿਵੇਂ ਬੱਚੀ ਨੂੰ ਯਾਦ ਕਰੇ ਅਤੇ ਰੋਵੇ। ਇੱਕ ਦਿਨ ਇਸ ਮਾਤਾ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਗਰੀਬ ਨਿਵਾਜ਼ ਮੇਰੀ ਬੱਚੀ ਮੈਨੂੰ ਵਿਖਾਓ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ ਰੋਣਾ ਨਹੀਂ ਡਰਨਾ ਨਹੀਂ। ਫਿਰ ਬਚਨ ਕੀਤਾ ਕਿ ਜੇ ਜ਼ਰੂਰ ਵੇਖਣੀ ਹੈ ਤਾਂ ਅਸਾਡੇ ਆਸਣ ਦੇ ਹੇਠ ਵੇਖ ਲਉ। ਮਾਤਾ ਜਿਸਦਾ ਨਾਮ ਤੇਜ ਕੌਰ ਸੀ ਨੇ ਹੁਕਮ ਮੰਨ ਕੇ ਬਾਬਾ ਜੀ ਦੇ ਹੇਠ ਇੱਕ ਛੋਟੀ ਜਿਹੀ ਮੰਜੀ ਹੇਠ ਆਪਣੀ ਲੜਕੀ

ਬੈਠੀ ਹੋਈ ਵੇਖੀ। ਫਿਰ ਮਾਤਾ ਤੇਜ ਕੌਰ ਨੇ ਬੇਨਤੀ ਕੀਤੀ ਕਿ ਮਹਾਰਾਜ ਇਸ ਦਾ ਕਲਿਆਣ ਕਰੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ ਇਹ ਤੇਰੀ ਪੋਤਰੀ ਹੋ ਕੇ ਜਨਮ ਧਾਰੇਗੀ। ਇਸ ਹੁਕਮ ਅਨੁਸਾਰ ਉਸ ਲੜਕੀ ਨੇ ਸ੍ਰ. ਗੁਰਬਚਨ ਸਿੰਘ ਦੇ ਘਰ ਜਨਮ ਲਿਆ, ਨਾ ਇੰਦਰ ਪਾਲ ਰੱਖਿਆ ਬੀਬੀ ਦੇ ਜਨਮ ਤੋਂ ਪਹਿਲੋਂ ਸ੍ਰ. ਗੁਰਬਚਨ ਸਿੰਘ ਨੇ ਬਾਬਾ ਜੀ ਕੋਲ ਬੇਨਤੀ ਕੀਤੀ ਕਿ ਮੇਰੇ ਘਰ ਬੱਚਾ ਹੋਣ ਵਾਲਾ ਹੈ। ਉਸਨੂੰ ਜਨਮ ਤੋਂ ਬਾਅਦ ਗੁੜਤੀ ਦੇਣੀ ਹੈ। ਕੀ ਹੁਕਮ ਹੈ? ਉਪਰੰਤ ਬਾਬਾ ਜੀ ਨੇ ਹੁਕਮ ਦੇ ਕੇ ਸ੍ਰ. ਗੁਰਬਚਨ ਸਿੰਘ ਨੂੰ ਬਾਬਾ ਜੀ ਕਲੇਰਾਂ ਵਾਲਿਆਂ ਕੋਲ ਭੇਜਿਆ। ਬਾਬਾ ਜੀ ਉਸ ਸਮੇਂ ਝੰਗ ਦੇ ਇਲਾਕੇ (ਹੁਣ ਪਾਕਿਸਤਾਨ) ਵਿੱਚ ਸਨ। ਸਰਦਾਰ ਜੀ ਉਥੇ ਗਏ। ਉਪਰੰਤ ਬਾਬਾ ਆਨੰਦ ਸਿੰਘ ਜੀ ਨੇ ਕੁਝ ਪ੍ਰਸ਼ਾਦ ਦੇ ਕੇ ਤੋਰ ਦਿੱਤਾ ਅਤੇ ਹੁਕਮ ਕੀਤਾ ਜਦੋਂ ਜਨਮ ਲਵੇ ਤਾਂ ਇਸ ਦੀ ਗੁੜਤੀ ਦੇਣੀ। ਫਿਰ ਭੁੱਚੋਂ ਵਾਲਿਆਂ ਪਾਸ ਆਏ ਤਾਂ ਉਨ੍ਹਾਂ ਨੇ ਹੁਕਮ ਕੀਤਾ ਸ਼ੁੱਧ ਹੈ।"

ਹਜ਼ੂਰ ਦੇ ਹੁਕਮ ਅਨੁਸਾਰ ਬੱਚੀ ਨੂੰ ਗੁੜਤੀ ਉਸੇ ਪ੍ਰਸ਼ਾਦ ਦੀ ਦਿੱਤੀ ਗਈ। ਉਪਰੰਤ ਇਸ ਦਾ ਸਿਦਕ ਇਤਨਾ ਸੀ ਸਾਰੇ ਬੱਚਿਆਂ ਨੂੰ ਉਸੇ ਪ੍ਰਸ਼ਾਦ ਦੀ ਗੁੜ੍ਹਤੀ ਦਿੱਤੀ। ਉਪਰੰਤ ਹੁਕਮ ਅਨੁਸਾਰ ਸ੍ਰ. ਗੁਰਬਚਨ ਸਿੰਘ ਜੀ ਸਾਰੇ ਕੰਮ ਕਰਦੇ ਰਹੇ। ਗੁਰਬਾਣੀ ਅਨੁਸਾਰ ਇਸਦੇ ਕੰਮ ਬਾਬਾ ਜੀ ਮੇਹਰ ਕਰਕੇ ਕਰਦੇ ਅਤੇ ਕਰਾਉਂਦੇ ਰਹੇ।

**ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥**

*(ਅੰਗ ੨੮੫)*

ਇਹ ਬਚਨ ਬੀਬੀ ਇੰਦਰ ਪਾਲ ਕੌਰ ਨੇ ਲਿਖਾਏ।

## ਸ੍ਰੀ ਰਾਮ ਰੰਗ ਅਪਾਰ ਪੂਰਨ ਨਹ ਨਿਮਖ ਮਨ ਮਹਿ ਵੂਠਿਆ ॥

*(ਅੰਗ ੭੦੫)*

ਮਹਾਂਪੁਰਖਾਂ ਜੋ ਵੀ ਬਚਨ ਕੀਤਾ ਸਿੱਖਿਆ ਹੀ ਦਿੱਤੀ। ਕਿਸੇ ਵੀ ਸਮੇਂ ਕੋਈ ਆਇਆ, ਕਿਸੇ ਕੰਮ ਆਇਆ, ਉਨ੍ਹਾਂ ਨੇ ਸਿੱਖ ਮਤ ਹੀ ਦਿੱਤੀ। ਸਰਬੱਤ ਦਾ ਭਲਾ ਲੋਚਿਆ। ਇੱਕ ਵਾਰ ਬਾਬਾ ਜੀ ਟਿੱਲੇ ਤੋਂ ਹੇਠ ਉੱਤਰ ਕੇ ਇਧਰ ਉਧਰ ਟਹਿਲ ਰਹੇ ਸਨ। ਇੱਕ ਪਿੰਡ ਦੀ ਮਾਈ ਸੀ, ਜਿਸਦਾ ਨਾਮ ਭਾਗਣ ਸੀ ਗੋਤ ਉਸਦਾ ਨੱਤ ਹੋਣ ਕਰਕੇ ਲੋਕ ਉਸਨੂੰ ਨੱਤਣ ਕਹਿੰਦੇ ਸਨ। ਪਿੰਡ ਦੇ ਲੋਕ ਆਪਣੇ ਪਸ਼ੂ ਲੈ ਕੇ ਚਾਰਨ ਜਾ ਰਹੇ ਸਨ। ਉਸ ਮਾਈ ਕੋਲ ਇੱਕ ਵੱਛੀ ਸੀ ਜਿਹੜੀ ਬਾਹਰ ਨੂੰ ਭੱਜੀ ਜਾ ਰਹੀ ਸੀ। ਉਸ ਨੂੰ ਮੋੜਨ ਲਈ ਨੱਤਣ ਮਾਈ ਨੌਜਵਾਨ ਮੁੰਡਿਆਂ ਨੂੰ ਬਾਰ-ਬਾਰ ਕਹਿ ਰਹੀ ਸੀ। ਪਰ ਵੱਛੀ ਮੁੜਦੀ ਨਹੀਂ ਸੀ। ਬਾਬਾ ਜੀ ਸਭ ਕੁਝ ਦੇਖ ਰਹੇ ਸਨ। ਉਪਰੰਤ ਹਜ਼ੂਰ ਨੇ ਉਸ ਸਮੇਂ ਸਿੱਖਿਆ ਦੇਣ ਦਾ ਸਮਾਂ ਸਮਝਕੇ ਬਚਨ ਕੀਤਾ ਨੱਤਣੇ ਜੇ ਵੱਛੀ ਹੁਣ ਨਹੀਂ ਮੁੜਦੀ ਤਾਂ ਆਪੇ ਸ਼ਾਮ ਨੂੰ ਪਸ਼ੂਆਂ ਦੇ ਨਾਲ ਆ ਜਾਏਗੀ ਤੈਨੂੰ ਵੱਛੀ ਦੀ ਫਿਕਰ ਕਰਨ ਦੀ ਲੋੜ ਨਹੀਂ। ਤੂੰ ਆਪਣੇ ਮਨ ਨੂੰ ਮੋੜ। ਇਹ ਕਿਧਰ ਨੂੰ ਜਾ ਰਿਹਾ ਹੈ। ਐਸਾ ਐਸਾ ਉਪਦੇਸ਼ ਕਰਦੇ ਰਹਿੰਦੇ ਸਨ। ਜਿਵੇਂ ਕਿਹਾ ਹੈ।

**ਮਨ ਲੋਚੈ ਬੁਰਿਆਈਆਂ ਗੁਰ ਸ਼ਬਦੀ ਇਹੁ ਮਨ ਹੋੜੀਐ ॥**

### 2

ਇਕ ਭੁਚੋਂ ਨਗਰ ਦਾ ਸੇਵਾਦਾਰ ਸੀ ਜਿਸਦਾ ਨਾਮ ਸੋਭਾ ਸਿੰਘ ਸੀ। ਉਸਦਾ ਸਾਰਾ ਪਰਿਵਾਰ ਸੇਵਾ ਵਿੱਚ ਹਾਜ਼ਰ ਰਹਿੰਦਾ ਸੀ। ਪਰੰਤੂ ਘਰ ਵਿੱਚ ਗਰੀਬੀ ਹੋਣ ਕਰਕੇ ਹੱਥੀਂ ਸੇਵਾ ਹੀ ਕਰਦੇ ਸਨ। ਇਸ ਸਮੇਂ ਪਟਿਆਲੇ

ਤੋਂ ਇੱਕ ਸੇਵਕ ਬਾਬਾ ਜੀ ਪਾਸ ਪੁੱਤਰ ਦੀ ਇੱਛਾ ਲੈ ਕੇ ਹਾਜ਼ਰ ਹੋਇਆ। ਉਪਰੰਤ ਹਜ਼ੂਰ ਨੇ ਮੇਹਰ ਦੇ ਘਰ ਵਿੱਚ ਆ ਕੇ ਪੁੱਤਰ ਦਾ ਬਚਨ ਕੀਤਾ। ਕੁਝ ਸਮੇਂ ਬਾਅਦ ਉਸਦੇ ਪੁੱਤਰ ਹੋ ਗਿਆ। ਫਿਰ ਸੇਵਕ ਵਿਤ ਅਨੁਸਾਰ ਭੇਟਾ ਲੈ ਕੇ ਚਰਨਾਂ ਵਿੱਚ ਹਾਜ਼ਰ ਹੋਇਆ। ਬਾਬਾ ਜੀ ਨੇ ਉਸਦੀ ਭੇਟਾ ਫਿਰ ਲੈਣ ਦਾ ਇਕਰਾਰ ਕਰਕੇ ਵਾਪਸ ਮੋੜ ਦਿੱਤੀ। ਉਸ ਵਕਤ ਇਹ ਸੋਭਾ ਸਿੰਘ ਸੇਵਾ ਵਿੱਚ ਹਾਜ਼ਰ ਸੀ। ਕੁਝ ਸਮੇਂ ਬਾਅਦ ਇਨ੍ਹਾਂ ਦੇ ਘਰ ਇੱਕ ਸ਼ਾਦੀ ਕਰਨ ਦਾ ਸਮਾਂ ਆਇਆ। ਇਹ ਦੋਹੇਂ ਜੀਆ ਨੇ ਆਪਸ ਵਿੱਚ ਸਲਾਹ ਕਰਕੇ ਆਪੇ ਬਾਬਾ ਜੀ ਦਾ ਨਾਮ ਦੀ ਚਿੱਠੀ ਲਿਖਕੇ ਪਟਿਆਲੇ ਪਹੁੰਚ ਕੇ ਉਸ ਸੇਵਕ ਤੋਂ ਲੋੜ ਅਨੁਸਾਰ ਖਰਚ ਲੈ ਆਏ ਅਤੇ ਇਨ੍ਹਾਂ ਨੇ ਆਪਣਾ ਮਤਲਬ ਸਾਰ ਲਿਆ। ਉਪਰੰਤ ਪਟਿਆਲੇ ਵਾਲਾ ਸੇਵਕ ਬਾਬਾ ਜੀ ਦੇ ਦਰਸ਼ਨ ਕਰਨ ਭੁੱਚੋਂ ਪਹੁੰਚਿਆ। ਉਸਨੇ ਬਾਬਾ ਜੀ ਪਾਸ ਬੇਨਤੀ ਕਰ ਦਿੱਤੀ ਪਰੰਤੂ ਬਾਬਾ ਜੀ ਨੇ ਤਾਂ ਉਸ ਨੂੰ ਭੇਜਿਆ ਹੀ ਨਹੀਂ ਸੀ। ਹਜ਼ੂਰ ਨੇ ਉਸੇ ਸਮੇਂ ਇੱਕ ਸੇਵਾਦਾਰ ਉਸਨੂੰ ਬਲਾਉਣ ਲਈ ਭੇਜ ਦਿੱਤਾ। ਫਿਰ ਸੋਭਾ ਸਿੰਘ ਆਪ ਤਾਂ ਨਾ ਆਇਆ ਉਸਦਾ ਪਰਿਵਾਰ ਆ ਗਿਆ। ਜਦੋਂ ਬਾਬਾ ਜੀ ਨੇ ਉਸ ਨੂੰ ਪੁੱਛਿਆ ਕਿ ਤੁਸੀਂ ਸਾਡੇ ਘੱਲਣ ਤੋਂ ਬਗੈਰ ਕਿਉਂ ਗਏ? ਅੱਗੋਂ ਬਾਬਾ ਜੀ ਨੂੰ ਕਿਹਾ, ਅਸੀਂ ਤੁਹਾਡੇ ਸੇਵਕ ਹੋਣ ਕਰਕੇ ਜੇ ਮੰਗ ਲਿਆ ਤੇ ਕਿ ਲੋੜ੍ਹਾ ਆ ਗਿਆ। ਸਾਡੀ ਗਰਜ ਪੂਰੀ ਹੋ ਗਈ। ਬਾਅਦ ਵਿੱਚ ਬਾਬਾ ਜੀ ਨੇ ਉਸਨੂੰ ਜਾਣ ਦਾ ਹੁਕਮ ਦਿੱਤਾ ਉਪਰੰਤ ਉਹ ਘਰ ਨੂੰ ਚੱਲੀ ਗਈ। ਇਸ ਗੱਲ ਤੋਂ ਬਾਅਦ ਬਾਬਾ ਜੀ ਨੇ ਪਟਿਆਲੇ ਵਾਲੇ ਸਰਦਾਰ ਨੂੰ ਪੈਸੇ ਲੈਣ ਦਾ ਹੁਕਮ ਕੀਤਾ। ਪਹਿਲਾਂ ਤਾ ਉਸਨੇ ਨਾ ਨੁਕਰ ਕੀਤੀ ਪਰ ਹਜ਼ੂਰ ਤੇ ਕਹਿਣ ਤੇ ਉਹ ਪੈਸੇ ਲੈ ਗਿਆ। ਇਸ ਤੋਂ ਪਿਛੋਂ ਇੱਕ ਦਿਨ ਬਾਬਾ ਜੀ ਸਹਿਜ ਸੁਭਾਅ ਆਪਣੇ ਸੇਵਕਾਂ ਦੇ ਨਾਮ ਲੈ ਕੇ ਗਿਣਤੀ ਕਰਨ ਲੱਗ ਪਏ। ਗਿਣਤੀ ਕਰਨ ਵੇਲੇ ਉਸ ਸੇਵਕ ਦਾ ਨਾਮ ਨਾ ਲਿਆ। ਕੋਲ ਬੈਠੇ ਸੇਵਾਦਾਰ ਬੇਨਤੀ ਕੀਤੀ ਮਹਾਰਾਜ ਸੋਭਾ ਸਿੰਘ ਦਾ ਨਾਮ ਨਹੀਂ ਲਿਆ ਹੈ। ਉਹ ਵੀ ਸੇਵਾਦਾਰ ਹੈ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, ਉਹ ਤਾਂ ਐਵੇ ਹੀ ਗਿਆ ਹੈ।”

# ਸੇਵਕ ਕਉ ਨਿਕਟੀ ਹੋਇ ਦਿਖਾਵੈ।

*(ਅੰਗ ੪੦੩)*

ਬਾਬਾ ਜੀ ਕਲੇਰਾਂ ਵਾਲੇ ਰੱਬੀ ਮੋਜ ਵਿੱਚ ਵਿਚਰਦੇ ਢੁੱਡੀਕੇ ਨਾਮ ਦੇ ਪਿੰਡ ਦੇ ਬਾਹਰ ਵਾਰ ਇੱਕ ਸੱਠ ਘੁਮਾ ਦੇ ਕਰੀਬ (ਬੇਆਬਾਦ ਜ਼ਮੀਨ ਸੀ) ਜਿਸਨੂੰ –ਢੱਕੇ' ਆਖਦੇ ਸਨ। ਉਥੇ ਜਾ ਆਸਣ ਲਾਇਆ। ਨਗਰ ਨਿਵਾਸੀ ਪ੍ਰੇਮੀ ਥੋੜੇ ਹੀ ਸ਼ਰਧਾਵਾਨ ਸਨ। ਜਿਤਨੇ ਕੁ ਦਰਸ਼ਨ ਕਰਨ ਲਈ ਪਹੁੰਚ ਗਏ। ਕੁਝ ਕਾਲੀਆਂ ਘਟਾਵਾਂ ਹੋ ਗਈਆਂ ਅਤੇ ਹਵਾ ਠੰਡੀ ਚੱਲਣ ਲੱਗ ਪਈ। ਉਪਰੰਤ ਬਾਬਾ ਜੀ ਨੇ ਸਭੇ ਸੇਵਾਦਾਰਾਂ ਨੂੰ ਚਲੇ ਜਾਣ ਦਾ ਹੁਕਮ ਕੀਤਾ। ਹੁਕਮ ਅਨੁਸਾਰ ਨਗਰ ਨਿਵਾਸੀ ਤਾਂ ਘਰਾਂ ਨੂੰ ਮੁੜ ਪਏ। ਮੀਂਹ ਹਨ੍ਹੇਰੀ ਦੇ ਨਾਲ ਗੜੇ ਕਾਕੜੇ ਬੇਅੰਤ ਵਰਸਣ ਲੱਗ ਲਏ। ਸਾਰੀ ਰਾਤ ਬਾਰਸ਼ ਲਗਾਤਾਰ ਪੈਂਦੀ ਰਹੀ। ਘਰਾਂ ਨੂੰ ਆਏ ਪ੍ਰੇਮੀ ਬੜੇ ਫਿਕਰਵਾਨ ਸਨ। ਉਸ ਵੇਲੇ ਕੁਝ ਨਹੀਂ ਸੀ ਹੋ ਸਕਦਾ। ਕਈ ਤਰ੍ਹਾਂ ਦੀਆਂ ਸੋਚਾਂ ਵਿਚਾਰਾਂ ਮਨ ਵਿੱਚ ਆਈਆਂ। ਜਿਸ ਸਮੇਂ ਥੋੜ੍ਹੀ ਬਾਰਸ਼ ਘਟੀ, ਉਸ ਵੇਲੇ ਇਹ ਪ੍ਰੇਮੀ ਮਿਲਕੇ ਆਪਸ ਵਿੱਚ ਵਿਚਾਰਨ ਲੱਗੇ ਕਿ ਬਾਬਾ ਜੀ ਦੇ ਸਰੀਰ ਦੀ ਕੀ ਹਾਲਤ ਹੋਵੇਗੀ। ਆਓ ਜਾ ਕੇ ਪਤਾ ਕਰੀਏ। ਜੇ ਲੋੜ ਹੋਵੇ ਤਾਂ ਲਕੜੀ ਦਾ ਬੰਦੋਬਸਤ ਵੀ ਕਰੀਏ। ਹੁਣ ਬਾਲਣ ਦੀ ਤਾਂ ਲੋੜ ਪੈਣੀ ਹੀ ਹੈ।ਇਤਨੇ ਗੜਿਆਂ ਵਿੱਚ ਸਰੀਰ ਬਚਣਾ ਮੁਸ਼ਕਿਲ ਹੈ। ਇੱਕ ਪ੍ਰੇਮੀ ਪਹਿਲਾਂ ਵੇਖਣ ਆਇਆ ਉਸਨੇ ਆ ਕੇ ਦੂਰੋਂ ਹੀ ਦਰਸ਼ਨ ਕੀਤੇ ਅਤੇ ਉਸੇ ਤਰ੍ਹਾਂ ਤੇ ਉਥੇ ਬੈਠੇ ਹਨ। ਇਤਨੀ ਦੇਰ ਤਕ ਹਨ੍ਹੇਰਾ ਕੁਝ ਘੱਟ ਹੋਇਆ। ਕੁਝ ਪ੍ਰੇਮੀ ਫਿਰ ਪਹੁੰਚ ਗਏ। ਉਸੇ ਸਮੇਂ ਬਾਬਾ ਅਨੰਦ ਸਿੰਘ ਜੀ ਦਾਤਣ ਕਰ ਰਹੇ ਸਨ। ਉਨ੍ਹਾਂ ਪ੍ਰੇਮੀਆਂ ਨੇ ਜਾ ਨਮਸਕਾਰ ਕੀਤੀ। ਬਾਬਾ ਜੀ ਨੇ ਮੁਸਕਰਾ ਕੇ ਪੁੱਛਿਆ ਤੁਸੀਂ ਬੜੇ ਸਵੇਰੇ ਹੀ ਆ ਗਏ, ਸੁਖ ਤਾਂ ਹੈ। ਸਭ ਨੇ ਇੱਕ ਜ਼ਬਾਨ ਹੋ ਕੇ ਆਪਣੇ ਮਨ ਦੀ ਸੰਸੇ ਦੱਸ ਦਿੱਤੇ। ਉਪਰੰਤ ਬਾਬਾ ਜੀ ਨੇ ਉਨ੍ਹਾਂ ਦੇ ਸਾਹਮਣੇ ਆਪਣਾ ਆਸਣ ਝਾੜਿਆ।

ਉਸ ਵੇਲੇ ਬੈਠੇ ਨੀਵੀਂ ਜਗ੍ਹਾ ਉੱਤੇ ਸੀ ਪਰ ਆਸਣ ਝਾੜਨ ਸਮੇਂ ਗਰਦ ਉੱਡੀ ਤੇ ਨਾਲ ਹੀ ਬਚਨ ਕੀਤਾ, ਇਥੇ ਤਾਂ ਕੁਝ ਨਹੀਂ ਹੋਇਆ," ਜਦੋਂ ਕਿ ਚਾਰ ਚੁਫੇਰੇ ਜਲ ਹੀ ਜਲ ਸੀ। ਇਹ ਅਸਥਾਨ ਦੇ ਆਸੇ ਪਾਸੇ ਤਾਂ ਜ਼ਮੀਨ ਆਬਾਦ ਹੋ ਗਈ ਪਰ ਛੋਟੀ ਛਪੜੀ ਅਜੇ ਤਕ ਬੇਆਬਾਦ ਹੈ। ਕਿਸੇ ਸੇਵਾਦਾਰ ਨੇ ਅੱਜੇ ਤਕ ਨਿਸ਼ਾਨੀ ਕਾਇਮ ਨਹੀਂ ਕੀਤੀ। ਢੁੱਡੀਕੇ ਅਜੀਤ ਵਾਲ ਵਾਲੀ ਸੜਕ ਉੱਪਰ ਇਹ ਅਸਥਾਨ ਹੈ ਅਤੇ ਮੌਜੂਦਾ ਸੰਤ ਉਜਾਗਰ ਸਿੰਘ ਉੱਚੇ ਡੇਰੇ ਢੁੱਡੀ ਕੇ ਵਾਲਿਆਂ ਨੇ ਇਹ ਅਸਥਾਨ ਦੇਖਿਆ ਹੈ।

**2**

ਇਸ ਸਮੇਂ ਉਪਰੰਤ ਜਿਸ ਸਮੇਂ ਬਾਬਾ ਅਨੰਦ ਸਿੰਘ ਜੀ ਭੁੱਚੋ ਵਾਲਿਆਂ ਪਾਸ ਦਰਸ਼ਨ ਕਰਨ ਲਈ ਭੁੱਚੋਂ ਆਏ, ਉਨ੍ਹਾਂ ਨੇ ਬਚਨ ਕੀਤਾ ਮਹਾਂਪੁਰਖ ਢੁੱਡੀ ਕੇ ਜਿਸ ਸਮੇਂ ਕਾਲੇ ਬੱਦਲ ਵੇਖ ਕੇ ਦਰਸ਼ਨ ਕਰਨ ਆਏ ਪ੍ਰੇਮੀਆਂ ਨੂੰ ਘਰੋਂ ਘਰੀ ਤੋਰ ਦਿੱਤਾ ਸੀ ਉਸ ਸਮੇਂ ਆਪ ਵੀ ਕਿਸੇ ਬ੍ਰਿਛ ਦਾ ਓਟ ਆਸਰਾ ਤਕ ਲੈਣਾ ਸੀ। ਤੁਹਾਨੂੰ ਰੜੇ ਥਾਂ ਉਸ ਛੱਪੜ ਵਿੱਚ ਨਹੀਂ ਸੀ ਬੈਠਣਾ ਚਾਹੀਦਾ। ਜਿਥੇ ਤੁਸੀਂ ਆਸਣ ਲਾਇਆ ਉਹ ਜਗ੍ਹਾਂ ਤਾਂ ਬੜੇ ਚਤੁਰ ਬੰਦਿਆਂ ਦੀ ਹੈ, ਜਿਨ੍ਹਾਂ ਪੈਰ ਪੈਰ ਤੇ ਕਰਾਮਤ ਭਾਲਣੀ ਹੈ। ਸੁਚੇਤ ਹੋ ਕੇ ਰਹਿਣਾ ਪਵੇਗਾ। ਅਸੀਂ ਸਾਰੀ ਰਾਤ ਫਿਕਰ ਕਰਦੇ ਰਹੇ। ਕਿਤੋਂ ਜਾ ਕੇ ਚਾਨਣੀ ਮੰਗੀ ਤੁਹਾਡੇ ਉੱਤੇ ਲਾ ਕੇ ਪਹਿਰਾ ਦੇਣਾ ਪਿਆ।" ਅੱਗੋਂ ਬਾਬਾ ਆਨੰਦ ਸਿੰਘ ਜੀ ਨੇ ਹੱਥ ਜੋੜ ਕੇ ਖਿਮਾ ਮੰਗੀ ਮਹਾਰਾਜ ਗਲਤੀ ਹੋ ਗਈ।

(ਇਹ ਪ੍ਰਸੰਗ ਸੰਤ ਉਜਾਗਰ ਸਿੰਘ ਜੀ ਪਾਸੋਂ ਸੁਣਿਆ ਅਤੇ ਸੰਗਤ ਪਾਸੋਂ।)

## ਜਿਸ ਕਾ ਕਾਰਜ ਤਿਨ ਹੀ ਕੀਆ
## ਮਾਣਸੁ ਕਿਆ ਵੇਚਾਰਾ ਰਾਮ ॥''

*(ਅੰਗ ੭੮੪)*

ਦੂਸਰੀ ਵਾਰ ਮਹਾਰਾਜ ਭੁਪਿੰਦਰ ਸਿੰਘ ਪਟਿਆਲੇ ਵਾਲਾ ਸਮਾਂ ਮੰਗ ਕੇ ਦਰਸ਼ਨ ਕਰ ਲਈ ਆਇਆ ਅਤੇ ਬੇਨਤੀ ਕੀਤੀ ਜੀ ਮਹਾਰਾਜ ਪੰਜਾਬ ਦੇ ਮਹਾਂ ਰਾਜਿਆਂ ਦੀ ਚੌਣ ਵਾਸਤੇ ਮੈਂ ਪ੍ਰਧਾਨਗੀ ਦੀ ਚੌਣ ਲੜਨੀ ਹੈ ਅਤੇ ਵਲੈਤ ਜਾਣਾ ਹੈ। ਮੈਨੂੰ ਪ੍ਰਧਾਨ ਬਣਾਉਣ ਦੀ ਕ੍ਰਿਪਾ ਕਰੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ, ਰਾਜਾ ਇੱਕ ਤਾਂ ਸਵਾ ਲੱਖ ਪਾਠ ਜਪੁਜੀ ਸਾਹਿਬ ਦਾ ਕਰਾਉ ਅਤੇ ਸਵਾ ਲੱਖ ਰੁਪਿਆ ਦਾਨ ਕਰੋ। ਰਾਜਾ ਪੁੰਨ ਦਾਨ ਕੀਤਿਆਂ ਪੁੰਨ ਬਣਦੇ ਹਨ। ਪੁੰਨ ਨਾਲ ਸਾਰੇ ਸੁਖ ਮਿਲਦੇ ਹਨ। ਤੇਰੇ ਕੋਲ ਤਾਂ ਜ਼ੋਰ ਜ਼ੁਰਮ ਹੀ ਹੈ ਜਿਹੜੀਆਂ ਤੇਰੀਆਂ ਵਿਆਹ ਦੀ ਰਾਣੀਆ ਹਨ ਓਹ ਰਹਿ ਜਾਣ ਬਾਕੀ ਸਭ ਘਰੋਂ ਘਰੀ ਤੋਰ ਦੇਹ, ਅਗੋਂ ਵਾਸਤੇ ਇਹ ਕੰਮ ਬੰਦ ਹੋਣਾ ਚਾਹੀਦਾ ਹੈ। ਮਹਾਰਾਜੇ ਨੇ ਸੱਤ ਬਚਨ ਕਹਿ ਕੇ ਬੇਨਤੀ ਕੀਤੀ ਕਿ ਮੈਨੂੰ ਨਾਲ ਪਾਠੀ ਵੀ ਦਿਓ। ਬਾਬਾ ਜੀ ਨੇ ਬਚਨ ਕੀਤਾ, ਸਾਡੇ ਕੋਲ ਦੋ ਪਾਠੀ ਹਨ ਬਾਕੀ ਤੂੰ ਆਪ ਲੈ ਲੈ।'' ਭਾਈ ਵਰਿਆਮ ਸਿੰਘ ਅਤੇ ਭਾਈ ਹਰਚੰਦ ਸਿੰਘ ਬੀਬੀ ਕਾ ਹੁਕਮ ਦੇ ਕੇ ਨਾਲ ਭੇਜ ਦਿੱਤੇ। ਤੁਰਨ ਸਮੇਂ ਮਹਾਰਾਜ ਨੇ ਵਲੈਤ ਤੋਂ ਮੁੜ ਆਂੀ ਕੇ ਰਾਣੀਆਂ ਤੇ ਜਨਾਨੀਆਂ ਤੋਰਨ ਦਾ ਬਚਨ ਕੀਤਾ। ਦੂਸਰੀ ਬੇਨਤੀ ਮਹਾਰਾਜੇ ਨੇ ਆਪਣੇ ਮੁਕੱਦਮੇ ਬਾਰੇ ਕੀਤੀ ਕਿ ਮੈਂ ਇਸ ਵਿਚੋਂ ਬਰੀ ਹੋ ਜਾਵਾਂ। ਹਜ਼ੂਰ ਨੇ ਬਚਨ ਕੀਤਾ ਕਿ ਤੇਰਾ ਵਜ਼ੀਰ ਹੀ ਸਭ ਕੁਝ ਕਰ ਕਰਾ ਰਿਹਾ ਹੈ। ਹੋਰ ਕੋਈ ਨਹੀਂ। ਇਸਨੂੰ ਹਟਾ ਦੇ। ਸਭ ਕੁਝ ਠੀਕ ਹੋ ਜਾਵੇਗਾ। ਹਜ਼ੂਰ ਨੇ ਬਚਨ ਵੀ ਕੀਤਾ ਇਹ ਐਵੇਂ ਹੀ ਨਿਕਲ ਜਾਏਗਾ ਤੈਨੂੰ ਡਰਨ ਦੀ ਕੋਈ ਲੋੜ ਨਹੀਂ। ਉਸ ਸਮੇਂ ਵਜ਼ੀਰ ਵੀ ਨਾਲ ਹੀ ਸੀ। ਉਪਰੰਤ ਮਹਾਰਾਜਾ ਪਟਿਆਲੇ ਚਲਾ ਗਿਆ ਅਤੇ ਸਵਾ ਲੱਖ ਪਾਠ ਆਰੰਭ ਕਰਾ ਕੇ, ਤੇ ਸਵਾ ਲੱਖ ਰੁਪਈਆਂ

ਵਜ਼ੀਰ ਨੂੰ ਦੇ ਕੇ ਹੁਕਮ ਕੀਤਾ ਜਿਥੇ ਲੌੜ ਹੋਵੇ ਸਭ ਨੂੰ ਸਾਂਝਾ ਦਾਨ ਕਰੋ ਗੁਰਦੁਆਰਾ, ਮੰਦਰ, ਮਸੀਤ ਵਿੱਚ ਕੋਈ ਵਿਤਕਰਾ ਨਹੀਂ ਕਰਨਾ। ਉਪਰੰਤ ਮਹਾਰਾਜੇ ਦਾ ਇੱਕ ਮਿੱਤਰ ਅੰਗਰੇਜ਼ ਸੀ। ਉਸ ਲਈ ਵੱਖਰੇ ਰੁਪਏ ਦੇ ਕੇ ਉਸਨੂੰ ਪਹੁੰਚਾਉਣ ਦੀ ਤਾਕੀਦ ਕੀਤੀ। ਇਹ ਤਿੰਨ ਡਿਊਟੀਆਂ ਵਜ਼ੀਰ ਦੀਆਂ ਲਗਾ ਕੇ ਬੰਬਈ ਬੰਦਰਗਾਹ ਉੱਤੇ ਉਸ ਅੰਗਰੇਜ਼ ਨੂੰ ਮਿਲ ਕੇ ਕਿਹਾ ਕਿ ਤੈਨੂੰ ਤੇਰੀ ਚੀਜ਼ ਵਜ਼ੀਰ ਕਿਸ਼ਨ ਕੌਲ ਦੇਵੇਗਾ। ਮੈਂ ਉਸਨੂੰ ਜ਼ਿੰਮੇਵਾਰੀ ਦਿੱਤੀ ਹੈ। ਉਪਰੰਤ ਮਹਾਰਾਜਾ ਵਲੈਤ ਚਲਾ ਗਿਆ। ਵਲੈਤ ਪ੍ਰਧਾਨਗੀ ਦੀ ਚੋਣ ਜਿੱਤ ਕੇ ਜਦੋਂ ਵਾਪਸ ਬੰਬਈ ਆਇਆ, ਸਭ ਤੋਂ ਪਹਿਲੇ ਉਹ ਅੰਗਰੇਜ਼ ਵਧਾਈ ਦੇਣ ਲਈ ਮਿਲਿਆ। ਵਧਾਈ ਉਪਰੰਤ ਉਸਨੇ ਜੋ ਰਕਮ ਲੈਣੀ ਸੀ ਯਾਦ ਕਰਾਈ। ਮਹਾਰਾਜੇ ਨੇ ਕਿਹਾ ਮੈਂ ਪਤਾ ਕਰਾਂਗਾ। ਮਹਾਰਾਜੇ ਨੇ ਡਿਊਢੀ ਬਰਦਾਰ ਸ੍ਰ. ਕਿਸ਼ਨ ਸਿੰਘ ਨਾਲ ਗੱਲ ਕੀਤੀ ਕਿ ਕਿਸ਼ਨ ਕੌਲ ਵਜ਼ੀਰ ਨੇ ਮੇਰਾ ਇਤਨਾ ਕੰਮ ਵੀ ਨਹੀਂ ਕੀਤਾ ਜਿਹੜਾ ਸਵਾ ਲੱਖ ਰੁਪਿਆ ਦੇਣਾ ਸੀ। ਉਹ ਇਸਨੇ ਕਿਉਂ ਨਹੀਂ ਦਿੱਤਾ? ਤੂੰ ਕਿਸੇ ਕੋਲ ਗੱਲ ਨਾ ਕਰੀਂ। ਮੈਂ ਪੜਤਾਲ ਕਰਾਂਗਾ। ਮੈਨੂੰ ਵਜ਼ੀਰ ਉੱਤੇ ਬੜਾ ਇਤਬਾਰ ਸੀ, ਪਰ ਇਹ ਕਿਉਂ ਹੋਇਆ। ਅੰਦਰੋਂ ਅੰਦਰ ਵਜ਼ੀਰ ਦਿਆ ਕਿਸ਼ਨ ਕੋਲ ਅਤੇ ਡਿਓਢੀ ਬਰਦਾਰ ਕਿਸ਼ਨ ਸਿੰਘ ਇਕੋ ਹੀ ਸਨ। ਪਰ ਰਾਜਾ ਇਸ ਗੱਲੋਂ ਬੇਖਬਰ ਸੀ। ਪਟਿਆਲੇ ਪਹੁੰਚਣ ਉਪਰੰਤ ਅਮੀਰ ਵਜ਼ੀਰ ਸਭ ਵਧਾਈ ਦੇਣ ਆਏ। ਕਿਸ਼ਨ ਕੋਲ ਵੀ ਪਹੁੰਚਿਆ। ਮਹਾਰਾਜੇ ਨੇ ਕੋਈ ਧਿਆਨ ਨਹੀਂ ਕੀਤਾ। ਵਧਾਈ ਤਾਂ ਮੰਨ ਲਈ ਪਰ ਵਜ਼ੀਰ ਅੰਦਰੋਂ ਸਮਝ ਗਿਆ ਕਿ ਕੋਈ ਗੜਬੜ ਹੈ। ਡਿਓਢੀ ਬਰਦਾਰ ਸ੍ਰ. ਕਿਸ਼ਨ ਸਿੰਘ ਨੇ ਸਾਰੀ ਗੱਲ ਵਜ਼ੀਰ ਨੂੰ ਦੱਸ ਦਿੱਤੀ ਉਸੇ ਸਮੇਂ ਹੀ ਰਾਤ ਨੂੰ ਵਜ਼ੀਰ ਦਿਆ ਕਿਸ਼ਨ ਕੋਲ ਰਾਤੋਂ ਰਾਤ ਸਮਾਨ ਚੁੱਕ ਕੇ ਪਟਿਆਲਾ ਛੱਡ ਗਿਆ। ਰਾਤ ਨੂੰ ਮਹਾਰਾਜੇ ਨੇ ਪਟਿਆਲੇ ਵਾਲੇ ਵੱਡੇ ਪੁਲੀਸ ਅਫਸਰ ਨੂੰ ਬੁਲਾ ਕੇ ਹੁਕਮ ਦਿੱਤਾ ਕਿ ਦਿਨ ਚੜ੍ਹਦੇ ਨੂੰ ਵਜ਼ੀਰ ਦਿਆ ਕਿਸ਼ਨ ਕੋਲ ਜੇਲ ਵਿੱਚ ਹੋਵੇ। ਅੱਧੀ ਰਾਤ ਸਮੇਂ ਜਿਸ ਵਕਤ ਵਜ਼ੀਰ ਦੇ ਘਰ ਪੁਲੀਸ ਅਫਸਰ ਗਿਆ, ਅੱਗੇ ਵਜ਼ੀਰ ਤਾਂ ਪਹਿਲਾਂ ਹੀ ਜਾ ਚੁੱਕਿਆ ਸੀ। ਤੁਰੰਤ ਹੀ ਮਹਾਰਾਜੇ ਨੂੰ ਖਬਰ ਦਿੱਤੀ ਉਸ ਸਮੇਂ ਹੀ ਮਹਾਰਾਜ ਨੇ ਡਿਓਢੀ ਬਰਦਾਰ ਸ੍ਰ. ਕਿਸ਼ਨ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ। ਨਾਲ ਹੀ ਤਾਕੀਦ ਕੀਤੀ

ਕਿ ਉਸਨੂੰ ਮੇਰੇ ਕੋਲ ਵੀ ਨਾ ਆਉਣ ਦਿੱਤਾ ਜਾਵੇ। ਸ੍. ਕਿਸ਼ਨ ਸਿੰਘ ਦੇ ਬਹੁਤ ਕਹਿਣ ਉੱਤੇ ਵੀ ਰਾਜੇ ਨੂੰ ਨਾ ਮਿਲਨ ਦਿੱਤਾ ਗਿਆ। ਗ੍ਰਿਫਤਾਰੀ ਦੇ ਸਮੇਂ ਘਰ ਦੀ ਤਲਾਸ਼ੀ ਉਪਰੰਤ ਸਰਕਾਰੀ ਖਜਾਨੇ ਵਿੱਚ ਚੋਰੀ ਹੋਇਆ ਚੀਜ਼ਾਂ ਬਰਾਮਦ ਹੋਈਆਂ ਰਾਜ ਧ੍ਰੋਹ ਦਾ ਕੇਸ ਚੱਲਿਆ, ਜਿਵੇਂ ਬਾਣੀ ਵਿੱਚ ਫੁਰਮਾਣ ਹੈ।

**ਜੇ ਕੋਈ ਉਸਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ ॥**

(ਅੰਗ ੩੭੩) (ਆਸਾ ਮ. ੫)

ਵਜ਼ੀਰ ਦਿਆ ਕਿਸ਼ਨ ਕੌਲ ਅਤੇ ਡਿਉਢੀ ਬਰਦਾਰ ਦੋਨੋਂ ਹੀ ਇਕੋ ਸਮੇਂ ਗਏ। ਬਾਬਾ ਜੀ ਵਾਲਾ ਬਚਨ ਵਜ਼ੀਰ ਤਾਂ ਐਵੇ ਹੀ ਗਿਆ" ਪੂਰਾ ਹੋਇਆ।

ਇਹ ਪ੍ਰਸੰਗ ਸ੍. ਬਲਬੀਰ ਸਿੰਘ ਜੀ ਨੇ ਪੰਡਿਤ ਸ੍ਰੀ ਰਾਮ ਸਿੰਘ ਜੀ ਤੋਂ ਸੁਣਿਆ ਅਤੇ ਦੱਸਿਆ।

## ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ

*(ਅੰਗ ੪੮੮)*

ਮਹਾਰਾਜੇ ਨੇ ਵਾਪਸ ਪਟਿਆਲੇ ਆਉਣ ਉਪਰੰਤ ਬਾਬਾ ਜੀ ਦਾ ਸ਼ੁਕਰਾਨਾ ਕਰਨ ਅਤੇ ਦਰਸ਼ਨ ਕਰਨ ਲਈ ਹੁਕਮ ਲੈਣ ਲਈ ਮਹਾਰਾਣੀ ਦਲੀਪ ਕੌਰ ਨੂੰ ਹਜ਼ੂਰ ਦੇ ਚਰਨਾਂ ਵਿੱਚ ਭੇਜਿਆ। ਹਾਜ਼ਰ ਹੋ ਕੇ ਨਮਸਕਾਰ ਕੀਤੀ ਨਾਲ ਹੀ ਬੇਨਤੀ ਕੀਤੀ ਮਹਾਰਾਜ ਜੀ ਰਾਜਾ ਆਪ ਜੀ ਦੇ ਦਰਸ਼ਨ ਕਰਨ ਦੀ ਇੱਛਾ ਕਰਦਾ ਹੈ। ਉਸਨੂੰ ਬਖਸ਼ੋ। ਠੀਕ ਇਸ ਸਮੇਂ ਇੱਕ ਵਿਅਕਤੀ ਬਾਬਾ ਜੀ ਦਾ ਨਾਮ ਸੁਣ ਕੇ ਪਹਿਲੀ ਵਾਰ ਹੀ ਦਰਸ਼ਨ ਕਰਨ ਅਤੇ ਆਪਣੀ ਗੱਲ ਦੱਸਣ ਲਈ ਹਾਜ਼ਰ ਹੋਇਆ। ਉਸ ਨੇ ਰੋ ਕੇ ਆਪਣੀ ਵਿਥਿਆ ਸੁਣਾਈ ਕਿ ਮੈਂ ਗਰੀਬ ਤੁਹਾਡੇ ਦਰ ਦਾ ਫਰਿਆਦੀ ਹਾਂ ਕਿਰਪਾ ਕਰੋ। ਹਜ਼ੂਰ ਨੇ ਪੁੱਛਿਆ ਤੈਨੂੰ ਕੀ ਤਕਲੀਫ ਹੈ? ਤਾਂ ਉਸਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੇਰੀ ਨੌਜਵਾਨ ਲੜਕੀ ਨੂੰ ਰਾਜਾ ਪਟਿਆਲੇ ਵਾਲਾ ਜ਼ੋਰ ਨਾਲ ਚੁੱਕਣਾ ਚਾਹੁੰਦਾ ਹੈ। ਤਤਕਾਲ ਹੀ ਬਾਬਾ ਜੀ ਨੇ

ਮਹਾਰਾਣੀ ਵੱਲ ਵੇਖ ਕੇ ਬਚਨ ਕੀਤਾ ਬੀਬੀ, ਆਹ ਸੁਣ ਲੈ ਕੀ ਹੋ ਰਿਹਾ ਹੈ?" ਨਾਲ ਬਚਨ ਕੀਤਾ ਪੱਟ ਪਊ ਪਟਿਆਲੇ ਨਾਭਾ ਧਾਹਾਂ ਮਾਰੂਗਾ।" ਉਸਨੂੰ ਦਰਸ਼ਨ ਨਹੀਂ ਹੋ ਸਕਦਾ। ਜੋ ਉਹ ਅਜੇ ਵੀ ਨਹੀਂ ਹਟਦਾ ਤਾਂ ਫਿਰ ਅਸਾਡੇ ਦਰਸ਼ਨ ਕਰਨ ਦੀ ਇਛਾ ਨਾ ਰੱਖੇ।" ਉਸ ਸਿੱਖ ਨੂੰ ਧੀਰਜ ਦਿੱਤਾ ਕਿ ਤੂੰ ਫਿਕਰ ਨਾ ਕਰ। ਤੇਰੀ ਹਵਾ ਵੱਲ ਰਾਜਾ ਤਾਂ ਕੀ ਜੱਮ ਵੀ ਨਹੀਂ ਵੇਖ ਸਕਦੇ, ਜੇ ਅਜੇ ਵੀ ਨਾ ਹਟਿਆ ਤਾਂ ਕੋੜ੍ਹ ਹੋ ਜਾਏਗਾ। ਉਪਰੰਤ ਕਿਤਨੀ ਦੇਰ ਤਕ ਚੁੱਪੀ ਵਰਤੀ ਰਹੀ। ਕਿਸੇ ਨੂੰ ਬੋਲਣ ਦੀ ਹਿੰਮਤ ਨਾ ਹੋਈ। ਫਿਰ ਮਹਾਰਾਣੀ ਦਲੀਪ ਕੌਰ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਜੇ ਰਾਜੇ ਨੂੰ ਦਰਸ਼ਨ ਨਹੀਂ ਦੇਣਾ ਤਾਂ ਮੇਰੀ ਸੇਵਾ ਕਬੂਲ ਕਰੋ। ਬਾਬਾ ਜੀ ਉਸ ਸਮੇਂ ਬੜੇ ਤੇਜ ਰੂਪ ਵਿੱਚ ਸਨ। ਪਰੰਤੂ ਮਹਾਰਾਣੀ ਨੂੰ ਸੇਵਾ ਕਰਨ ਦੀ ਅਤੇ ਦਰਸ਼ਨ ਦੀ ਆਗਿਆ ਮਿਲ ਗਈ। ਉਪਰੰਤ ਆਉਣ ਵਾਲੇ ਸੇਵਕ ਨੂੰ ਹੁਕਮ ਦੇ ਕੇ ਤੋਰ ਦਿੱਤਾ। ਫਿਰ ਰਾਣੀ ਨੂੰ ਵੀ ਜਾਣ ਦਾ ਹੁਕਮ ਹੋਇਆ। ਨਾਲ ਹੀ ਰਾਜੇ ਨੂੰ ਦਰਸ਼ਨ ਕਰਨ ਦੀ ਮਨਾਹੀ ਕਰ ਦਿੱਤੀ ਕਿ ਹੁਣ ਸਾਨੂੰ ਉਸ ਦੀ ਲੋੜ ਨਹੀਂ। ਐਥੇ ਕੀ ਬਚਨ ਕਰਕੇ ਗਿਆ ਅਤੇ ਹਟਦਾ ਅਜੇ ਵੀ ਨਹੀਂ। ਬੀਬੀ ਜੋ ਕੁਝ ਅੱਗੇ ਕੀਤਾ ਤੇਰੀ ਬੇਨਤੀ ਮੰਨ ਕੇ ਕੀਤਾ। ਫਿਰ ਕਈ ਵਾਰੀ ਜੇ ਦਰਸ਼ਨ ਕਰਨ ਦੀ ਆਗਿਆ ਮੰਗੀ ਪਰੰਤੂ ਬਾਬਾ ਜੀ ਨੇ ਨਾ ਹੀ ਉਸਦੀ ਬੇਨਤੀ ਸੁਣੀ ਅਤੇ ਨਾ ਹੀ ਦਰਸ਼ਨ ਕਰਨ ਦੀ ਆਗਿਆ ਦਿੱਤੀ। ਜੋ ਬਚਨ ਆਖਿਰ ਤੱਕ ਨਿਭਿਆ।

ਇਹ ਪ੍ਰਸੰਗ ਸੰਤ ਬਚਿੱਤਰ ਸਿੰਘ ਭਾਗੀ ਬਾਂਦਰ ਵਾਲਿਆਂ ਤੋਂ ਪ੍ਰਾਪਤ ਹੋਇਆ।

## ਅਪਨੇ ਸੇਵਕ ਕਉ ਆਪਿ ਸਹਾਈ

*(ਅੰਗ ੨੦੨)*

ਸ੍ਰ. ਗੁਰਬਚਨ ਸਿੰਘ ਤਹਿਸੀਦਾਰ ਨੇ ਬਾਬਾ ਜੀ ਦਾ ਬਚਨ ਮੰਨ ਕੇ ਸਰਕਾਰੀ ਨੌਕਰੀ ਛੱਡ ਦਿੱਤੀ। ਪਰ ਇਨ੍ਹਾਂ ਦੇ ਪਿਤਾ ਸ੍ਰ. ਨੱਥਾ ਸਿੰਘ ਨਹੀਂ ਸਨ ਚਾਹੁੰਦੇ ਕੀ ਨੌਕਰੀ ਛੱਡੀ ਜਾਵੇ ਅਤੇ ਸ੍ਰ. ਗੁਰਬਚਨ ਸਿੰਘ ਨੇ ਹਜ਼ੂਰ ਦੇ ਹੁਕਮ ਅਨੁਸਾਰ ਹੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਇੱਕ ਪਾਸੇ ਹੁਕਮ

ਮੰਨਣ ਕਰਕੇ ਬਾਬਾ ਜੀ ਦੀ ਪ੍ਰਸੰਨਤਾ, ਪਰ ਦੂਜੇ ਪਿਤਾ ਨੱਥਾ ਸਿੰਘ ਦੀ ਨਰਾਜ਼ਗੀ ਸਹੇੜ ਲਈ। ਸ੍ਰ. ਨੱਥਾ ਸਿੰਘ ਨੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਗੁਰਬਚਨ ਸਿੰਘ ਜੀ ਦੇ ਬੇਨਤੀ ਕਰਨ ਉੱਤੇ ਪਿਤਾ ਜੀ ਨਹੀਂ ਮੰਨੇ। ਪਰ ਸ੍ਰ. ਗੁਰਬਚਨ ਸਿੰਘ ਜੀ ਨੇ ਬਾਬਾ ਜੀ ਦੀ ਸੇਵਾ ਅਤੇ ਸੰਗਤ ਨਾਂ ਛੱਡੀ। ਪ੍ਰਹਿਲਾਦ ਭਗਤ ਵਾਲਾ ਇਤਿਹਾਸ ਚੱਲ ਪਿਆ। ਸ੍ਰ. ਗੁਰਬਚਨ ਸਿੰਘ ਨੇ ਬਾਬਾ ਜੀ ਪਾਸ ਅਰਦਾਸ ਕੀਤੀ ਸਾਰੀ ਹਕੀਕਤ ਦੱਸੀ ਨਾਲ ਹੀ ਬਾਬਾ ਜੀ ਅੱਗੇ ਬੇਨਤੀ ਕੀਤੀ ਗਰੀਬ ਨਿਵਾਜ਼ ਮੈਨੂੰ ਕੀ ਹੁਕਮ ਹੈ। ਉਸੇ ਵਕਤ ਬਾਬਾ ਜੀ ਨੇ ਦੋਵੇਂ ਹੱਥ ਜੋੜ ਕੇ ਜ਼ਮੀਨ ਉੱਤੇ ਮਾਰੇ ਬੀਰ ਰਸ ਵਿੱਚ ਆ ਕੇ ਕਈ ਬਚਨ ਕੀਤੇ ਅਤੇ ਸ੍ਰ. ਗੁਰਬਚਨ ਸਿੰਘ ਨੇ ਬਾਬਾ ਜੀ ਅੱਗੇ ਉਸੇ ਵੇਲੇ ਹੀ ਬੇਨਤੀ ਕੀਤੀ।" ਸੱਚੇ ਪਾਤਸ਼ਾਹ ਇਉਂ ਨਾ ਕਹੋ। ਉਹ ਤਾਂ ਮੇਰਾ ਪਿਤਾ ਹੈ। ਇਸ ਤੋਂ ਉਪਰੰਤ ਹੁਕਮ ਦੇ ਕੇ ਸ੍ਰ. ਗੁਰਬਚਨ ਸਿੰਘ ਨੂੰ ਪਟਿਆਲੇ ਭੁਪਿੰਦਰ ਸਿੰਘ ਪਾਸ ਭੇਜ ਦਿੱਤਾ। ਸਾਰੀ ਗੱਲ ਸੁਣ ਕੇ ਮਹਾਰਾਜੇ ਨੇ ਸ੍ਰ. ਨੱਥਾ ਸਿੰਘ ਨੂੰ ਪਟਿਆਲੇ ਬੁਲਾ ਕੇ ਕਿਹਾ ਕਿ ਤੇਰਾ ਪੁੱਤਰ ਹੈ ਤੂੰ ਇਸ ਨੂੰ ਕੁਝ ਦੇਹ। ਫਿਰ ਮਹਾਰਾਜੇ ਦੇ ਕਹਿਣ ਉੱਤੇ ਸ੍ਰ. ਗੁਰਬਚਨ ਸਿੰਘ ਦੀ ਮਾਤਾ ਨੂੰ ਚਾਰ ਸੌ ਰੁਪਏ ਹਾੜੀ ਸਾਉਣੀ ਦਾ ਖਰਚਾ ਦਿੱਤਾ। ਫਿਰ ਮੁਸ਼ਕਿਲ ਨਾਲ ਹੀ ਗੁਜ਼ਾਰਾ ਚੱਲਿਆ। ਸਾਲ ਸਮਾਂ ਲੰਘਦਾ ਸੀ।

## ਨਾਮਿ ਰਤੇ ਤ੍ਰਿਭਵਣ ਸੋਝੀ ਹੋਇ ॥

*(ਅੰਗ ੯੪੧)*

ਇਨ੍ਹਾਂ ਹੀ ਸਮਿਆਂ ਵਿੱਚ ਬਾਬਾ ਜੀ ਅਚਾਨਕ ਹੀ ਇਸ਼ਨਾਨ ਕਰਨ ਦਾ ਹੁਕਮ ਕਰ ਦਿੰਦੇ। ਸੇਵਾਦਾਰ ਭਾਈ ਨੀਲਾ ਸਿੰਘ ਸਾਰੇ ਡੇਰੇ ਜਲ ਭਰਨ ਦੀ ਸੇਵਾ ਕਰਦਾ। ਹੋਰ ਸੇਵਾਦਾਰ ਮਾਈ ਭਾਈ ਹੁਕਮ ਅਨੁਸਾਰ ਪਾਣੀ ਢੋਈ ਜਾਂਦੇ। ਹਜ਼ੂਰ ਕਿਤਨਾ ਕਿਤਨਾ ਸਮੇਂ ਇਸ਼ਨਾਨ ਹੀ ਕਰਦੇ ਰਹਿੰਦੇ। ਇੱਕ ਹਜ਼ੂਰੀ ਸੇਵਕ ਕੋਲ ਖੜਾ ਜਪੁਜੀ ਸਾਹਿਬ ਦੇ ਪਾਠ ਸੁਣਾਉਂਦਾ ਰਹਿੰਦਾ। ਕਈ ਘੰਟੇ ਨਿਰੰਤਰ ਸੇਵਾ ਚਲਦੀ। ਇਹ ਗੱਲ ਆਮ ਮਨੁੱਖ

ਦੀ ਸਮਝ ਤੋਂ ਬਾਹਰ ਹੈ ਪਰੰਤੂ ਉਸ ਸਮੇਂ ਕਿਸੇ ਸੇਵਕ ਨੇ ਪੁੱਛਣ ਦਾ ਜਤਨ ਨਾ ਕੀਤਾ। ਕਈ ਦਿਨ ਇਸ਼ਨਾਨ ਕਰਨ ਉਪਰੰਤ ਆਪ ਹੀ ਬਚਨ ਕੀਤਾ, ਗੰਗਾ ਉੱਤੇ ਹੱੜ ਬੜਾ ਆ ਰਿਹਾ ਹੈ ਸਾਧੂ ਮਹਾਤਮਾ ਰੁੜਦੇ ਜਾਂਦੇ ਹਨ। ਕੋਈ ਫੜ ਨਹੀਂ ਸਕਦਾ। ਇਸ ਤਰ੍ਹਾਂ ਬਚਨ ਕਈ ਵਾਰੀ ਲਗਾਤਾਰ ਕਰਦੇ ਰਹੇ। ਜਿਹੜੇ ਸੇਵਕ ਉਸ ਵਕਤ ਸੇਵਾ ਵਿੱਚ ਹਾਜ਼ਰ ਸਨ ਉਨ੍ਹਾਂ ਨੇ ਕਈ ਵਾਰ ਜਿਕਰ ਇਥੇ ਸੇਮੇ ਨਗਰ ਵੱਡਾ ਝੰਡਾ ਸਿੰਘ ਨੇ ਜਿਨ੍ਹਾਂ ਦੀ ਸੇਵਾ ਦੇ ਕਈ ਪ੍ਰਸੰਗ ਪਿੱਛੇ ਆ ਚੁੱਕੇ ਹਨ, ਇਹ ਪਰਿਵਾਰ ਮੁੱਢ ਤੋਂ ਹੀ ਸੇਵਾ ਵਿੱਚ ਰਿਹਾ। ਇਹ ਵੱਡਾ ਝੰਡਾ ਵੀ ਉਸ ਵੇਲੇ ਸੇਵਾ ਵਿੱਚ ਹਾਜ਼ਰ ਸੀ। ਇਸਨੇ ਹੀ ਇਹ ਬਚਨ ਦੱਸਿਆ ਅਤੇ ਲਿਖਾਇਆ ਉਪਰੰਤ ਗੰਗਾ ਵਿੱਚ ਹੜ੍ਹ ਸਾਲ ਬਾਅਦ ਵਿੱਚ ਆਇਆ। ਹਜ਼ੂਰ ਨੇ ਪਹਿਲੋਂ ਹੀ ਬਚਨ ਕਰ ਦਿੱਤਾ ਸੀ।

## ਆਪੇ ਬੀਜਿ ਆਪੇ ਹੀ ਖਾਹੁ ॥

ਢਿਪਾਲੀ ਨਗਰ ਤੋਂ ਇੱਕ ਮਾਈ ਜਿਸਦਾ ਨਾਮ ਸਾਹਿਬ ਕੌਰ ਸੀ ਸੇਵਾ ਕਰਦੀ ਹੁੰਦੀ ਸੀ। ਇਸ ਮਾਈ ਦੀਆਂ ਚਾਰ ਲੜਕੀਆ ਭੁੱਚੋਂ ਨਗਰ ਵਿੱਚ ਹੀ ਵਿਆਹੀਆਂ ਸਨ। ਇੱਕ ਵਾਰ ਮਾਤਾ ਸਾਹਿਬ ਕੌਰ ਇੱਕ ਲੜਕੀ ਨੂੰ ਲੈ ਕੇ ਬਾਬਾ ਜੀ ਪਾਸ ਹਾਜ਼ਰ ਹੋਈ ਅਤੇ ਬੇਨਤੀ ਕੀਤੀ ਕਿ ਮਹਾਰਾਜ ਇਸ ਲੜਕੀ ਦਾ ਨਾਮ ਹਰ ਕੌਰ ਹੈ। ਇਸ ਦੇ ਵਿਆਹ ਨੂੰ ਸਤ ਸਾਲ ਹੋ ਚੁੱਕੇ ਹਨ। ਇਸਦੇ ਕੋਈ ਬੱਚਾ ਨਹੀਂ ਹੈ। ਹੁਣ ਸਹੁਰੇ ਵੀ ਇਸਨੂੰ ਪਸੰਦ ਨਹੀਂ ਕਰਦੇ, ਮੇਹਰ ਕਰੋ। ਕੋਈ ਬੱਚਾ ਹੋ ਜਾਏ ਤਾਂ ਸੁਖੀ ਰਹੇ। ਹਜ਼ੂਰ ਨੇ ਪੁੱਛਿਆ ਮਾਈ ਤੇਰੀ ਲੜਕੀ ਰੱਬ ਰੱਬ ਕਰਦੀ ਹੈ ਕਿ ਨਹੀਂ। ਇਸਨੂੰ ਕਹੋ ਕਿ ਨਾਮ ਜੱਪਿਆ ਕਰੇ।" ਉਪਰੰਤ ਲੜਕੀ ਤੇ ਕੁਝ ਸਮਾਂ ਨਿਤਨੇਮ ਕਰਨ ਦਾ ਬਚਨ ਕੀਤਾ। ਫਿਰ ਬਾਬਾ ਜੀ ਨੇ ਹੁਕਮ ਕੀਤਾ ਕਿ ਜੇ ਇਸ ਬਚਨ ਨੂੰ ਪੁਗਾਏਂਗੀ ਤਾਂ ਕੰਨਿਆ ਤੇਰੀ ਤੋੜੀ ਵਿੱਚ ਸਵਾ ਸੇਰ ਲੂਣ

ਪਿਆ ਕਰੇਗਾ। ਉਪਰੰਤ ਪੁੱਤਰ ਹੋਣ ਤੇ ਉਸਦਾ ਨਾਮ ਜਗਰ ਸਿੰਘ ਰੱਖਿਆ। ਇਹ ਬਚਨ ਸੱਤ ਹੋਇਆ। ਉਸ ਬੀਬੀ ਦਾ ਪਰਿਵਾਰ ਅੱਜ ਵੀ ਮੌਜੂਦ ਹੈ। ਕੁਝ ਸਮੇਂ ਉਪਰੰਤ ਬੀਬੀ ਹਰ ਕੌਰ ਦੇ ਨਾਲ ਇੱਕ ਹੋਰ ਬੀਬੀ ਆਈ। ਉਸਨੇ ਵੀ ਬੱਚੇ ਦੀ ਮੰਗ ਕੀਤੀ। ਉਸਨੂੰ ਬਚਨ ਕੀਤਾ ਸੇਵਾ ਸਿਮਰਨ ਤੋਂ ਬਿਨਾਂ ਕੁਝ ਨਹੀਂ ਮਿਲਦਾ। ਜੇ ਕੁਝ ਲੈਣਾ ਹੈ ਤਾਂ ਸੇਵਾ ਸਿਮਰਨ ਕਰੋ।" ਉਸ ਬੀਬੀ ਨੇ ਸੇਵਾ ਕਰਨ ਤੋਂ ਆਪਣੀ ਮਜ਼ਬੂਰੀ ਦੱਸੀ, ਜਿਸਦਾ ਭਾਵ ਸੀ ਨਹੀਂ ਹੋ ਸਕਦਾ। ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਐਵੇਂ ਨਹੀਂ ਮਿਲਦਾ। ਇਹ ਕਿਤੇ ਬੇਰੀਆਂ ਦੇ ਬੇਰ ਨੇ ਜਿਹੜੇ ਚੁਗ ਲਵੇਗੀ।" ਉਪਰੰਤ ਉਸ ਪਾਸੋਂ ਨਾ ਸੇਵਾ ਹੋ ਸਕੀ ਨਾ ਔਲਾਦ ਦਾ ਫਲ ਮਿਲਿਆ।

(ਇਹ ਬਚਨ ਮਾਈ ਰਾਜ ਕੌਰ ਨੇ ਲਿਖਾਇਆ।)

**2**

ਇਕ ਵਾਰ ਹਜ਼ੂਰ ਬਾਹਰ ਡੇਰੇ ਤੋਂ ਖੁਲੀ ਥਾਂ ਤੇ ਬੈਠੇ ਸਨ। ਤੇ ਥੋੜ੍ਹੀਆਂ-ਥੋੜ੍ਹੀਆ ਕਣੀਆਂ ਪੈ ਰਹੀਆਂ ਸਨ। ਇੱਕ ਸੁੱਚਾ ਸਿੰਘ ਨਾਮ ਦਾ ਪ੍ਰੇਮੀ ਉਥੇ ਬੋਤੇ ਚਾਰ ਰਿਹਾ ਸੀ। ਸੁੱਚਾ ਸਿੰਘ ਨੂੰ ਬੜੀ ਠੰਢ ਲੱਗਣ ਲੱਗ ਪਈ। ਉਸਨੇ ਸੋਚਿਆ ਮੇਰੇ ਉੱਤੇ ਖੇਸ ਹੈ। ਮੈਨੂੰ ਇਤਨੀ ਸਰਦੀ ਲੱਗਦੀ ਹੈ। ਬਾਬਾ ਜੀ ਤਨ ਉੱਤੇ ਮਾਮੂਲੀ ਕਪੜੇ ਲੈ ਕੇ ਬੈਠੇ ਹਨ। ਇਨ੍ਹਾਂ ਨੂੰ ਤਾਂ ਠੰਢ ਲੱਗਦੀ ਹੋਵੇਗੀ। ਇਨ੍ਹਾਂ ਵਾਸਤੇ ਘਰੋਂ ਕੋਈ ਸੁੱਚਾ ਕੱਪੜਾ ਲੈ ਕੇ ਆਵਾਂ। ਇਉਂ ਵਿਚਾਰ ਕੇ ਘਰ ਆਇਆ ਤੇ ਆਪਣੀ ਮਾਤਾ ਨੂੰ ਕਿਹਾ ਕਿ ਬਾਬਾ ਜੀ ਬਾਹਰ ਠੰਢ ਵਿੱਚ ਬੈਠੇ ਹਨ। ਐਨੀ ਠੰਢ ਹੈ! ਤੂੰ ਮਾਈ ਛੇਤੀ ਆਪਣੀ ਬੀਕਾਨੇਰੀ ਦੂਹਰੀ ਲੋਈ ਕੱਢ ਦੇ, ਮੈਂ ਦੇ ਆਵਾਂ। ਜਿਸ ਸਮੇਂ ਸੁੱਚਾ ਸਿੰਘ ਲੋਈ ਲੈ ਕੇ ਬਾਬਾ ਜੀ ਪਾਸ ਆਇਆ ਤੇ ਵੇਖ ਕੇ ਦੰਗ ਰਹਿ ਗਿਆ। ਬਾਬਾ ਜੀ ਦੇ ਆਸੇ ਪਾਸੇ ਸੁੱਕੀ ਥਾਂ ਉਪਰੰਤ ਸੁੱਚਾ ਸਿੰਘ ਨੇ ਉਹ ਲੋਈ ਬਾਬਾ ਜੀ ਦੇ ਉੱਤੇ ਦੇ ਦਿੱਤੀ। ਫਿਰ ਬਾਬਾ ਜੀ ਨੇ ਉਹ ਲੋਈ ਆਪਣੇ ਕੋਲ ਬੜੀ ਦੇਰ ਤਕ ਰੱਖੀ ਕਦੇ-ਕਦੇ ਬਚਨ ਕਰਨਾ ਤੇ ਕਹਿਣਾ ਕਿ ਇਹ ਸੁੱਚਾ ਸਿੰਘ ਦੀ ਨਿਸ਼ਾਨੀ ਹੈ।

# ਅਪਨੀ ਸੇਵਾ ਆਪਿ ਕਰਾਈ ॥

*(ਅੰਗ ੬੬੭)*

ਆਪਣੇ ਕੀਤੇ ਬਚਨ ਅਨੁਸਾਰ ਹੀ ਮਹਾਰਾਣੀ ਦਲੀਪ ਕੌਰ ਨੇ ਹਾਜ਼ਰ ਹੋ ਕੇ ਬਾਬਾ ਜੀ ਪਾਸੋਂ ਇੱਕ ਕੋਠੀ ਜੋ ਅੱਜ ਤੱਕ ਮੌਜੂਦ ਹੈ ਉਸਦੀ ਸੇਵਾ ਕਰਨ ਦੀ ਆਗਿਆ ਮੰਗੀ। ਅੱਗੋਂ ਬਾਬਾ ਜੀ ਨੇ ਬਚਨ ਕੀਤਾ ਕਿ ਬੀਬੀ, ਸਾਡਾ ਤਾਂ ਸਰੀ ਜਾਂਦਾ ਹੈ। ਅਸੀਂ ਕੋਠੀ ਕੀ ਕਰਨੀ ਹੈ?" ਫਿਰ ਮਹਾਰਾਣੀ ਨੇ ਬੇਨਤੀ ਕੀਤੀ" ਨਹੀਂ ਮਹਾਰਾਜ, ਮੇਰੇ ਤੇ ਰਹਿਮ ਕਰੋ। ਕੁਝ ਤਾਂ ਸੇਵਾ ਦਾ ਮੌਕਾ ਬਖਸ਼ੋ।" ਫਿਰ ਬਾਬਾ ਜੀ ਨੇ ਬਚਨ ਕੀਤਾ ਬੀਬੀ ਪਰ ਉਸ ਵਿੱਚ ਕਿਤੇ ਲੋਹਾ ਨਹੀਂ ਲਾਉਣਾ"ਤਾਂਬਾ ਜਾਂ ਪਿੱਤਲ ਹੀ ਲੱਗੇ"ਬਚਨ ਵਿੱਚ ਵੀ ਕੋਈ ਅਗੰਮੀ ਭੇਤ ਹੈ। ਪਿਛੇ ਸੈਂਸਣ ਦੀ ਸੋਟੀ ਦਾ ਪ੍ਰਸੰਗ ਪੜ੍ਹੋ, ਜਿਸ ਸੋਟੀ ਦੇ ਹੇਠਾਂ ਛੋਟੀ ਜਿਹੀ ਲੋਹੇ ਦੀ ਸੰਮ ਲੱਗੀ ਹੈ। ਇਹ ਸੋਟੀ ਅੱਜ ਵੀ ਡੇਰੇ ਵਿੱਚ ਮੌਜੂਦ ਹੈ ਅਤੇ ਇੱਕ ਨਿਹੰਗ ਸਿੰਘ ਜਿਸ ਦਾ ਪ੍ਰਸੰਗ ਪਿਛਲੇ ਹਿੱਸੇ ਵਿੱਚ ਹੈ ਉਸਨੂੰ ਸ਼ਸ਼ਤਰਾਂ ਸਮੇਤ ਹੀ ਟਿੱਲੇ ਉੱਤੇ ਸੱਦਿਆ ਅਤੇ ਕੋਲ ਹੀ ਰੱਖਿਆ ਸੀ ਪਿਛੇ ਆ ਚੁੱਕੇ ਹਨ। ਰਾਣੀ ਦੇ ਸਤਿਬਚਨ ਕਹਿਣ ਤੇ ਹੁਕਮ ਨਾਲ ਕੋਠੀ ਬਣਨੀ ਆਰੰਭ ਹੋ ਗਈ। ਉਹ ਕੋਠੀ ਅੱਜ ਤੱਕ ਮੌਜੂਦ ਹੈ। ਜਿਸ ਵਿੱਚ ਸਭ ਸਮਾਨ ਛੋਟਾ ਅਤੇ ਵੱਡਾ ਤਾਂਬੇ ਅਤੇ ਪਿੱਤਲ ਦਾ ਹੀ ਲੱਗਿਆ ਹੋਇਆ ਹੈ। ਦੋ ਮਿਸਤਰੀ ਧਨੌਲੇ ਤੋਂ ਸੁਜਾਵਲ ਖਾਂ ਅਤੇ ਨਜਾਬ ਖਾਂ ਨੀਯਤ ਕੀਤੇ ਗਏ। ਇੱਕ ਫੌਜਾ ਸਿੰਘ ਢਿਲੋਂ ਅਤੇ ਚਤਰ ਸਿੰਘ ਭੁੱਲਰ ਦੋ ਹੀ ਨਾਵਾਂ ਦਾ ਪਤਾ ਹੈ। ਅਤੇ ਭੁੱਚੋਂ ਮੰਡੀ ਸਟੇਸ਼ਨ ਉੱਤੋਂ ਗੱਡੀਆਂ ਦੇ ਨਾਲ ਡੇਰੇ ਵਿੱਚ ਇੱਟਾਂ ਦੀ ਢੁਆਈ ਹੋਣ ਲੱਗ ਪਈ ਪਟਿਆਲੇ ਤੋਂ ਹੋਰ ਸਮਾਨ ਲੋੜ ਅਨੁਸਾਰ ਪਹੁੰਚ ਗਿਆ। ਮਾਲੂਕੇ ਵਾਲੇ ਪੰਡਿਤ ਸ੍ਰੀ ਰਾਮ ਸਿੰਘ ਜੀ ਨੂੰ ਕੰਮ ਦੀ ਦੇਖਭਾਲ ਕਰਨ ਦਾ ਹੁਕਮ ਹੋਇਆ। ਰਜ਼ਾ ਦੇ ਮਾਲਕ ਬਾਬਾ ਜੀ ਨੇ ਹੁਕਮ ਕਰਕੇ ਪੰਡਿਤ ਸ੍ਰੀ ਰਾਮ ਸਿੰਘ ਨੂੰ ਬੁਲਾਇਆ। ਫੁਰਮਾਉਣ ਲੱਗੇ ਮਹੂਰਤ ਸੋਧੋ।" ਉਨ੍ਹਾਂ ਨੇ ਹੁਕਮ ਅਨੁਸਾਰ ਮਹੂਰਤ ਸੋਧਿਆ ਸਰਬ ਕਲਾ ਸਮਰੱਥ ਤਾਂ ਬਾਬਾ ਜੀ ਆਪ ਸਨ। ਹੁਕਮ

ਅਨੁਸਾਰ ਸ੍ਰੀ ਰਾਮ ਸਿੰਘ ਜੀ ਨੇ ਸਭ ਕੁਝ ਕੀਤਾ ਸੀ। ਸਭ ਮਹੂਰਤ ਸਭ ਕੁਝ ਸ਼ੁਭ ਹੈ। ਜਿਨ੍ਹਾਂ ਦੇ ਹੁਕਮ ਵਿੱਚ ਸਨ, ਪਰ ਸੇਵਕ ਦਾ ਕਰਤੱਵ ਤਾਂ ਹੁਕਮ ਮੰਨਣਾ ਹੀ ਹੈ। ਪਹਿਲਾਂ ਰੋੜ ਇਕੱਠੇ ਕਰਕੇ ਸਾੜੇ ਗਏ। ਰੋੜਾਂ ਦੇ ਸੜਨ ਉਪਰੰਤ ਬਾਬਾ ਜੀ ਭੱਠੀਆਂ ਦੇਖਣ ਗਏ। ਇੱਕ ਲਕੜੀ ਦਾ ਮੁੱਢ ਵਿਚੋਂ ਪੋਲਾ ਹੋਣ ਕਰਕੇ ਅਤੇ ਅੱਗ ਤੋਂ ਬਾਹਰ ਰਹਿ ਗਿਆ ਸੀ ਅਤੇ ਉਹ ਸੜਿਆ ਨਹੀਂ ਸੀ। ਬਾਬਾ ਜੀ ਕੋਲ ਖੜਿਆ ਤੋਂ ਇੱਕ ਮਜ਼ਦੂਰ ਨੇ ਇਸ ਮੁੱਢ ਉੱਤੇ ਸੰਦ ਨਾਲ ਸੋਟ ਮਾਰੀ। ਉਸ ਵਿਚੋਂ ਇੱਕ ਚੂਹਾ ਨਿਕਲ ਕੇ ਭੱਜਿਆ। ਵੇਖਕੇ ਬਾਬਾ ਜੀ ਨੇ ਬਚਨ ਕੀਤਾ ਉਹ ਵੇਖੋ, ਰੱਬ ਜਾ ਰਿਹਾ ਹੈ" ਤੇ ਨਾਲ ਹੀ ਮੁਸਕਰਾਏ।

**2**

ਇਨ੍ਹਾਂ ਦਿਨਾਂ ਵਿੱਚ ਚੌਦਾਂ ਦੀ ਜੰਗ ਪੂਰੇ ਜ਼ੋਰ ਉੱਤੇ ਸੀ। ਜਦ ਕੋਠੀ ਬਨਾਉਣ ਲਈ ਮਿਸਤਰੀ ਮਜ਼ਦੂਰ ਇਕੱਠੇ ਹੋਣੇ, ਹਜ਼ੂਰ ਨੇ ਬਚਨ ਕਰਕੇ ਪਹਿਲਾਂ ਸਭਨਾਂ ਤੋਂ ਪਰੇਡ ਕਰਵਾਉਣੀ। ਪਰੇਡ ਕਰਾਉਣ ਲਈ ਕੋਈ ਹੋਰ ਬੰਦਾ ਨਹੀਂ ਸੀ ਸੋ ਆਪ ਹੀ ਹੁਕਮ ਕਰਕੇ ਕਦੇ ਕਿਸੇ ਪਾਸੋਂ ਤੇ ਕਦੇ ਕਿਸੇ ਪਾਸੋ ਤੋਰੀ ਫਿਰਦੇ ਸਨ। ਕੁਝ ਦਿਨ ਤਾਂ ਸਾਰੇ ਮਿਸਤਰੀ ਮਜ਼ਦੂਰ ਹੁਕਮ ਅਨੁਸਾਰ ਪਰੇਡ ਕਰਦੇ ਰਹੇ। ਇਨ੍ਹਾਂ ਵਿਚੋਂ ਇੱਕ ਦਿਨ ਇੱਕ ਮਿਸਤਰੀ ਸਜਾਵਤ ਖਾਂ ਨੇ ਹਜ਼ੂਰ ਅਨੁਸਾਰ ਜਿਵੇਂ ਕਹਿੰਦੇ ਸਨ ਪਰੇਡ ਕਰਨ ਤੋਂ ਇਨਕਾਰ ਕਰ ਦਿੱਤਾ ਤੇ ਬੋਲਿਆ ਅਸੀਂ ਤਾਂ ਮਿਹਨਤ ਕਰਕੇ ਰੋਟੀ ਕਮਾਉਣੀ ਹੈ। ਸਾਡਾ ਇਨ੍ਹਾਂ ਪਰੇਡਾਂ ਨਾਲ ਕੀ ਮਤਲਬ।" ਅਗਲੇ ਦਿਨ ਜਦ ਉਹ ਕੰਮ ਤੇ ਨਾ ਆਇਆ ਉਪਰੰਤ ਸਾਥੀ ਮਿਸਤਰੀ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਸ ਦੇ ਤਾਂ ਗੋਡੇ ਦਰਦ ਕਰਦੇ ਹਨ। ਬਾਬਾ ਜੀ ਕੋਲ ਉਸਦੀ ਬੇਨਤੀ ਪਹੁੰਚਾਈ ਗਈ। ਬਾਬਾ ਜੀ ਨੇ ਸੇਵਕ ਭੇਜ ਕੇ ਹੁਕਮ ਕੀਤਾ ਜੇ ਸਾਡੀ ਪਰੇਡ ਕਰੇਂਗਾ ਤਾਂ ਰਾਜ਼ੀ ਹੋ ਜਾਏਂਗਾ ਨਹੀਂ ਤਾਂ ਇਵੇਂ ਹੀ ਰਹੇਗਾ।" ਉਪਰੰਤ ਹੁਕਮ ਮੰਨ ਕੇ ਹੌਲੀ ਹੌਲੀ ਡੇਰੇ ਆਇਆ, ਪਰੇਡ ਕੀਤੀ, ਫਿਰ ਠੀਕ ਹੋਇਆ।

## ਆਸਾ ਭਰਮ ਬਿਕਾਰ ਮੋਹ ਇਨ ਮਹਿ ਲੋਭਾਨਾ ॥
## ਝੂਠੁ ਸਮਗ੍ਰੀ ਮਨਿ ਵਸੀ ਪਾਰਬ੍ਰਹਮੁ ਨ ਜਾਨਾ ॥

*(ਅੰਗ ੮੧੫)*

ਤਪ ਕਰਨ ਵਾਲਾ ਤਪੱਸਵੀ, ਰਿੱਧੀਆਂ ਸਿੱਧੀਆਂ, ਪ੍ਰਾਪਤ ਕਰਕੇ ਅਸਲ ਰਸਤੇ ਉੱਤੋਂ ਭੁੱਲ ਜਾਂਦਾ ਹੈ। ਫਿਰ ਤਾਕਤ ਦੀ ਵਰਤੋਂ ਨੀਚ ਕੰਮਾਂ ਉੱਤੇ ਖਰਚ ਕਰਕੇ ਨਰਕਾਂ ਵਿੱਚ ਜਾਣ ਦਾ ਰਸਤਾ ਤਿਆਰ ਕਰਦਾ ਹੈ। ਬਾਣੀ ਵਿੱਚ ਫੁਰਮਾਣ ਹੈ। ਤਪ ਕਰਤੇ ਤਪਸੀ ਭਲਾਏ।" ਐਸੇ ਕਰਾਮਾਤੀ ਪੁਰਸ਼ਾਂ ਨੂੰ ਸਹੀ ਰਸਤੇ ਲਾਇਆ ਦਸੇ ਪਾਤਸ਼ਾਹੀਆਂ ਨੇ ਫਿਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਨੇ। ਇੱਕ ਧਨੌਲੇ ਨਗਰ ਦੇ ਰਹਿਣ ਵਾਲੇ ਗੁਰਸਿੱਖ ਜਿਸਦਾ ਨਾਮ ਭਾਨ ਸਿੰਘ ਸੀ। ਇਹ ਇੱਕ ਨੂਰਦੀਨ ਨਾਮ ਦੇ ਫਕੀਰ ਦੀ ਸੇਵਾ ਕਰਦਾ ਹੁੰਦਾ ਸੀ। ਭਾਨ ਸਿੰਘ ਦੀ ਸੇਵਾ ਤੋਂ ਖੁਸ਼ ਹੋ ਕੇ ਨੂਰਦੀਨ ਨੇ ਭਾਨ ਸਿੰਘ ਨੂੰ ਕੁਝ ਮੰਗਣ ਲਈ ਆਖਿਆ। ਅਗੋਂ ਭਾਨ ਸਿੰਘ ਨੇ ਬੇਨਤੀ ਕੀਤੀ ਪੀਰ ਜੀ ਜੇ ਮੇਰੇ ਉੱਤੇ ਪ੍ਰਸੰਨ ਹੋ ਤਾਂ ਮੈਨੂੰ ਅਪੱਸਰਾਂ ਦੀ ਸਿੱਧੀ ਬਖਸ਼ੋ। ਜਿਵੇਂ ਸੁਲੇਮਾਨ ਪੈਗੰਬਰ ਦਾ ਰੁਤਬਾ ਸੀ, ਮੇਰਾ ਉਹੀ ਦਰਜਾ ਹੋਵੇ। ਤਾਂ ਨੂਰਦੀਨ ਨੇ ਭਾਨ ਸਿੰਘ ਨੂੰ ਕਿਹਾ ਇਹ ਚੀਜ਼ ਮੇਰੇ ਕੋਲ ਤਾਂ ਹੈ ਨਹੀਂ, ਇੱਕ ਮੇਰਾ ਪੀਰ ਕੁਤਬਦੀਨ ਹੈ। ਉਸਦੇ ਪਾਸ ਹੈ, ਚੱਲ ਉਥੇ ਚੱਲਦੇ ਹਾਂ। ਉਪਰੰਤ ਨੂਰਦੀਨ ਅਤੇ ਭਾਨ ਸਿੰਘ ਕੁਤਬਦੀਨ ਪਾਸ ਪਹੁੰਚੇ। ਅਗੋਂ ਕੁਤਬਦੀਨ ਨੇ ਨੂਰਦੀਨ ਦੀ ਸ਼ਿਫਾਰਿਸ਼ ਮੰਨ ਕੇ ਭਾਨ ਸਿੰਘ ਨੂੰ ਇੱਕ ਕਲਾਮ ਦੱਸੀ। ਨਾਲ ਤਾਕੀਦ ਕੀਤੀ ਕਿ ਚਾਲੀ ਦਿਨ ਕਰੜੀ ਸਾਧਨਾ ਕਰਨੀ ਪਵੇਗੀ। ਭਾਨ ਸਿੰਘ ਨੇ ਚਾਲੀ ਦਿਨ ਸਾਧਨਾ ਕਰਕੇ ਸਿਧੀ ਤਾਂ ਪ੍ਰਾਪਤ ਕਰ ਲਈ। ਮਨ ਤਾਂ ਅੱਗੇ ਹੀ ਵਿਕਾਰੀ ਸੀ ਅਤੇ ਫਿਰ ਵਿਕਾਰ ਹੋਰ ਵੀ ਵੱਧ ਗਏ।

## 2

ਇਧਰ ਭੁੱਚੋਂ ਨਗਰ ਵਿੱਚ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਨੀਲਾ ਸਿੰਘ ਨੂੰ ਆਪਣੇ ਕੋਲ ਸਦਕੇ ਹੁਕਮ ਕੀਤਾ ਨੀਲਾ ਸਿੰਘ, ਦੋ ਬੰਦੇ ਆ ਰਹੇ ਹਨ। ਉਨ੍ਹਾਂ ਨੂੰ ਅਸਾਡੇ ਕੋਲ ਨਹੀਂ ਆਉਣ ਦੇਣਾ। ਤਕੜਾ ਹੋ ਕੇ ਪਹਿਰਾ ਦੇਵੀ।" ਇਤਨਾ ਬਚਨ ਕਰਕੇ ਹਜ਼ੂਰ ਨੇ ਟਿੱਲਾ ਸਾਹਿਬ ਦੀ ਕੋਠੜੀ ਦਾ ਦਰਵਾਜ਼ਾ ਬੰਦ ਕਰ ਲਿਆ। ਉਸੇ ਦਿਨ ਜਦੋਂ ਪਿਛਲਾ ਪਹਿਰ ਹੋਇਆ ਤਾਂ ਸਾਦੇ ਜਿਹੇ ਲਿਬਾਸ ਵਿੱਚ ਬੰਦੇ ਆਏ ਜਿਨ੍ਹਾਂ ਨੇ ਬਾਬਾ ਜੀ ਦੇ ਦਰਸ਼ਨ ਕਰਨ ਦੀ ਆਗਿਆ ਮੰਗੀ। ਨੀਲਾ ਸਿੰਘ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਨਾਂਹ ਕਰ ਦਿੱਤੀ ਇਸ ਦਿਨ ਤਾਂ ਇਹ ਦੋਵੇਂ ਮੁੜ ਗਏ ਅਤੇ ਦੂਜੇ ਦਿਨ ਫਿਰ ਆਏ ਤੇ ਦਰਸ਼ਨ ਦੀ ਆਗਿਆ ਮੰਗੀ। ਫਿਰ ਇਨ੍ਹਾਂ ਦੋਹਾਂ ਨੂੰ ਇਥੇ ਖੜੇ ਕਰਕੇ ਆਗਿਆ ਮੰਗੀ। ਅੱਗੋਂ ਬਾਬਾ ਜੀ ਨੇ ਉੱਚੀ ਅਵਾਜ਼ ਵਿੱਚ ਨਾਂਹ ਕਰ ਦਿੱਤੀ। ਨੀਲਾ ਸਿੰਘ ਨੂੰ ਹੁਕਮ ਕੀਤਾ ਇਨ੍ਹਾਂ ਨੂੰ ਹੁਣੇ ਹੀ ਤੋਰ ਦੇ ਇਥੇ ਖੜਨ ਨਹੀਂ ਦੇਣਾ।" ਇਸ ਤਰ੍ਹਾਂ ਇਹ ਕਈ ਦਿਨ ਆਉਂਦੇ ਜਾਂਦੇ ਰਹੇ। ਅਖੀਰ ਇੱਕ ਦਿਨ ਤਾਂ ਇਨ੍ਹਾਂ ਦੋਹਾਂ ਨੇ ਦਰਸ਼ਨ ਕਰਨ ਦੀ ਇੱਛਾ ਜ਼ਾਹਰ ਕੀਤੀ ਅਤੇ ਕਿਹਾ ਅਸੀਂ ਦਰਸ਼ਨ ਕੀਤੇ ਬਗੈਰ ਨਹੀਂ ਜਾਣਾ ਇਉਂ ਕਹਿਕੇ ਉਥੇ ਹੀ ਬੈਠ ਗਏ। ਉਪਰੰਤ ਨੀਲਾ ਸਿੰਘ ਨੇ ਬਾਬਾ ਜੀ ਪਾਸ ਜਾ ਕੇ ਸਾਰੀ ਹਕੀਕਤ ਦੱਸੀ। ਸੁਨਣ ਤੋਂ ਬਾਅਦ ਬਾਬਾ ਜੀ ਨੇ ਬਚਨ ਕੀਤਾ ਉਨ੍ਹਾਂ ਨੂੰ ਕਹਿ ਦੇ ਕਿ ਅੱਜ ਤੋਂ ਉਥੇ ਉਹ ਇਥੇ ਆ ਜਾਣ। ਉਨ੍ਹਾਂ ਦਾ ਚੋਰ ਅਤੇ ਵਿਚੋਲਾ ਚੋਰੀ ਕਰਾਉਣ ਵਾਲਾ ਸਾਰੇ ਹਾਜ਼ਰ ਹੋ ਜਾਣਗੇ।" ਉਪਰੰਤ ਨੀਲਾ ਸਿੰਘ ਨੇ ਬਾਬਾ ਜੀ ਦਾ ਹੁਕਮ ਉਨ੍ਹਾਂ ਨੂੰ ਦੱਸਿਆ ਅਤੇ ਚਲੇ ਜਾਣ ਲਈ ਆਖਿਆ। ਉਪਰੰਤ ਉਹ ਦੋਵੇ ਹੀ ਚਲੇ ਗਏ।

## 3

ਬਾਬਾ ਮਹਾ ਹਰਿਨਾਮ ਸਿੰਘ ਜੀ ਆਸਣ ਉੱਤੇ ਬਿਰਾਜੇ ਹੋਏ ਸਨ। ਪਹਿਰੇਦਾਰ ਨੇ ਹਜ਼ੂਰ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਬੇਨਤੀ ਕੀਤੀ,

ਮਹਾਰਾਜ, ਤਿੰਨ ਫਕੀਰ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦੇ ਹਨ। ਕੀ ਹੁਕਮ ਹੈ?" ਅੱਗੋਂ ਬਾਬਾ ਜੀ ਨੇ ਹੁਕਮ ਕੀਤਾ ਅਸੀਂ ਉਨ੍ਹਾਂ ਨੂੰ ਉਡੀਕ ਰਹੇ ਹਾਂ। ਆ ਜਾਣ ਦਿਓ।" ਤਿੰਨੇ ਹੀ ਚਰਨਾਂ ਵਿੱਚ ਹਾਜ਼ਰ ਹੋ ਕੇ ਸਿਜਦਾ ਕਰਕੇ ਬੈਠ ਗਏ। ਬਾਬਾ ਜੀ ਨੇ ਬਚਨ ਕੀਤਾ ਚੋਰ ਵੀ ਆ ਗਿਆ ਤੇ ਚੋਰੀ ਕਰਾਉਣ ਵਾਲਾ ਵੀ" ਦੂਜੀ ਵਾਰ, ਫਿਰ ਪਹਿਰੇਦਾਰ ਨੇ ਬੇਨਤੀ ਕੀਤੀ ਮਹਾਰਾਜ, ਦੋ ਬੰਦੇ ਹੋਰ ਆਏ ਹਨ ਅਤੇ ਦਰਸ਼ਨ ਕਰਨਾ ਚਾਹੁੰਦੇ ਹਨ।" ਹਜ਼ੂਰ ਨੇ ਉਨ੍ਹਾਂ ਨੂੰ ਵੀ ਉਸੇ ਵੇਲੇ ਟਿੱਲੇ ਉੱਪਰ ਭੇਜਣ ਦਾ ਹੁਕਮ ਕੀਤਾ ਅਤੇ ਪਹਿਰੇਦਾਰ ਨੂੰ ਤਕੜਾ ਹੋ ਕੇ ਰਹਿਣ ਦਾ ਹੁਕਮ ਕਰਕੇ ਹੇਠਾਂ ਭੇਜ ਦਿੱਤਾ। ਇਸ ਸਮੇਂ ਇੱਕ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲੇ ਅਤੇ ਨੀਲਾ ਸਿੰਘ ਹੀ ਸੇਵਾ ਵਿੱਚ ਹਾਜ਼ਰ ਸਨ। ਉਪਰੰਤ ਬਾਬਾ ਜੀ ਨੇ ਮੁਸਲਮਾਨ ਫਕੀਰਾਂ ਨੂੰ ਸੰਬੋਧਨ ਕਰਕੇ ਬਚਨ ਕੀਤਾ ਕਿ ਤੁਸੀਂ ਫਕੀਰ ਹੋ ਕੇ ਘਰ ਬਾਰ ਤਾਂ ਛੱਡ ਦਿੱਤੇ ਅਤੇ ਘਾਟੇ ਵਾਲਾ ਕੰਮ ਨਾ ਛੱਡਿਆ ਤੇ ਲੋਕਾਂ ਨੂੰ ਵੀ ਇਸੇ ਪਾਸੇ ਹੀ ਤੋਰਿਆ। ਫਿਰ ਇਸ ਸਿੱਖ ਨੂੰ ਮੁਸਲਮਾਨੀ ਕਲਾਮਾਂ ਸਿਖਾਈਆਂ ਤੇ ਇਹ ਵੀ ਜੀਊਂਦਾ ਭੂਤ ਹੀ ਬਣ ਗਿਆ।" ਦੂਜੇ ਵੱਲ ਇਸ਼ਾਰਾ ਕਰਕੇ ਕਿਉਂ, ਤੈਂ ਭਰ ਲਈਆਂ ਝੋਲੀਆਂ ਪਰੀਆਂ ਵਿੱਚ ਰਹਿਕੇ। ਹੁਣ ਤੁਹਾਡਾ ਕਿਵੇਂ ਇਰਾਦਾ ਹੈ?" ਉਪਰੰਤ ਦੋਹਾਂ ਨੇ ਤਾਂ ਅੱਗੇ ਲਈ ਇਸ ਕੰਮ ਤੋਂ ਇਨਕਾਰ ਕਰਕੇ ਭਜਨ ਕਰਨ ਦਾ ਨਿਸ਼ਚਾ ਕਰ ਲਿਆ ਅਤੇ ਮਾਫੀ ਮੰਗੀ। ਨੂਰਦੀਨ ਨੂੰ ਕਿਹਾ ਤੂੰ ਸਾਰਾ ਜਨਮ ਹੀ ਬੇ-ਅਰਥ ਕਰ ਲਿਆ ਹੈ ਤੇ ਮੱਕੇ ਵਿੱਚ ਰਹਿ ਕੇ ਵੀ ਬੰਦਗੀ ਨਾ ਕੀਤੀ। ਆਪਣੀ ਤਾਕਤ ਦੀ ਗਲਤ ਵਰਤੋਂ ਕਰਦਾ ਰਿਹਾ ਹੈ। ਨੂਰਦੀਨ ਨੂੰ ਬਹੁਤ ਸਮਝਾਇਆ ਉਹ ਨਾ ਸਮਝਿਆ ਅਤੇ ਉਸਨੂੰ ਬਚਨ ਕੀਤਾ ਅੱਜ ਤੋਂ ਤੇਰੀ ਤਾਕਤ ਖਤਮ ਹੈ," ਭਾਨ ਸਿੰਘ ਨੂੰ ਕਿਹਾ ਹੁਣ ਤੂੰ ਕੀ ਚਾਹੁੰਦਾ ਹੈ।" ਉਸਨੇ ਹੱਥ ਜੋੜ ਕੇ ਬੇਨਤੀ ਕੀਤੀ ਮੇਰੇ ਤੇ ਰਹਿਮ ਕਰੋ ਮੈਨੂੰ ਨਾਮ ਬਾਣੀ ਸਿਮਰਨ ਦੀ ਦਾਤ ਬਖਸ਼ੋ। ਫਿਰ ਦੋਵੇਂ ਮੁਸਲਮਾਨ ਨੂਰਦੀਨ ਅਤੇ ਕੁਤਬਦੀਨ ਤਾਂ ਵਿਦਾ ਕਰ ਦਿੱਤੇ, ਭਾਨ ਸਿੰਘ ਨੂੰ ਆਪਣੇ ਪਾਸ ਰੱਖ ਕੇ ਉਸ ਪਾਸੋਂ ਬੇਅੰਤ

ਜਪੁਜੀ ਸਾਹਿਬ ਅਤੇ ਸੁਖਮਨੀ ਸਾਹਿਬ ਦੇ ਪਾਠ ਕਰਾਏ। ਬਹੁਤ ਸਮਾਂ ਸੇਵਾ ਵਿੱਚ ਰੱਖਿਆ।

ਪਿਛਲੇ ਤਿੰਨ ਪ੍ਰਸੰਗ ਸੰਤ ਸ੍ਰੀ ਰਾਮ ਸਿੰਘ ਜੀ ਨੇ ਸੁਣਾਏ।

## ਦਿਤਾ ਲਈਏ ਆਪਣਾ ਅਣਦਿਤਾ ਕਿਛੁ ਹਥ ਨਾ ਆਵੈ ॥

ਬਾਬਾ ਮਹਾ ਹਰਿਨਾਮ ਸਿੰਘ ਜੀ ਸੇਵਾ ਵਿੱਚ ਰੱਖਣ ਸਮੇਂ ਸੇਵਕ ਤੋਂ ਬਚਨ ਲਿਆ ਕਰਦੇ ਸਨ, ਕਿਸੇ ਦੀ ਸਿਫਾਰਸ਼ ਨਹੀਂ ਕਰੇਂਗਾ ਜੇ ਕਰੇਂਗਾ ਤਾਂ ਤੇਰੀ ਕਮਾਈ ਵਿਚੋਂ ਹੀ ਉਸਦੇ ਕਾਰਜ ਹੋਏਗਾ ਅਤੇ ਤੇਰਾ ਕੰਮ ਹੋਰ ਪਿੱਛੇ ਪਵੇਗਾ।" ਜਿਵੇਂ ਬਾਣੀ ਵਿੱਚ ਹੁਕਮ ਹੈ.

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤ॥"**

ਇਸ ਬਚਨ ਤੇ ਸਭ ਨੂੰ ਪਹਿਰਾ ਦੇਣਾ ਪੈਂਦਾ ਸੀ। ਸ੍. ਗੁਰਬਚਨ ਸਿੰਘ ਭਦੌੜ ਵਾਲਾ ਆਪਣੇ ਚਾਚੇ ਸ੍. ਕਿਰਪਾਲ ਸਿੰਘ ਨੂੰ ਲੈ ਕੇ ਆਇਆ। ਉਪਰੰਤ ਬਾਬਾ ਜੀ ਦੇ ਚਰਨਾਂ ਵਿੱਚ ਉਸ ਦੀ ਦੇਹ ਅਰੋਗਤਾ ਵਾਸਤੇ ਬੇਨਤੀ ਕੀਤੀ। ਬਾਬਾ ਜੀ ਨੇ ਬੇਨਤੀ ਸੁਨਣ ਉਪਰੰਤ ਹੁਕਮ ਕੀਤਾ, ਭਦੌੜੀਆ ਇਸਦਾ ਤਾਂ ਸਾਡੇ ਕੋਲ ਕੋਈ ਹਿਸਾਬ ਨਹੀਂ ਹੈ। ਜੋ ਕੁਝ ਤੂੰ ਕੀਤਾ ਹੈ, ਉਸਦੇ ਵਿਚੋਂ ਲੱਗੇਗਾ।" ਦੂਹਰੀ ਵਾਰ ਫਿਰ ਬੇਨਤੀ ਕੀਤੀ। ਸੁਨਣ ਉਪਰੰਤ ਬਾਬਾ ਜੀ ਨੇ ਹੁਕਮ ਕੀਤਾ ਇਸਨੂੰ ਸੋਟੀ ਫੜਾ ਕੇ ਤੋਰੋ।"ਨਾਲ ਹੀ ਸੋਟੀ ਫੜਾ ਕੇ ਤੁਰਨ ਦਾ ਹੁਕਮ ਕੀਤਾ। ਅੱਗੇ ਇਤਨੀ ਕਮਜ਼ੋਰੀ ਸੀ ਦੋ ਆਦਮੀ ਫੜ ਕੇ ਬੜੀ ਔਖਿਆਈ ਨਾਲ ਲੈ ਕੇ ਗਏ ਸਨ। ਫਿਰ ਸੋਟੀ ਫੜ ਕੇ ਬੜੇ ਅਰਾਮ ਨਾਲ ਤੁਰ ਪਏ। ਫਿਰ ਭੁੱਚੋ ਮੰਡੀ ਵੱਲ ਦੂਰ ਤਕ ਗਏ ਅਤੇ ਵਾਪਸ ਮੁੜਨ ਉੱਤੇ ਬਾਬਾ ਜੀ ਨੇ ਪੁੱਛਿਆ ਕੀ ਖਾਵੇਂਗਾ" ਸਰਦਾਰ ਜੀ ਨੇ ਰੋਟੀ ਤੇ ਡੇਲਿਆਂ ਦਾ ਆਚਾਰ ਮੰਗਿਆ। ਲੱਸੀ ਪੀਣ ਨੂੰ ਮੰਗੀ। ਹੁਕਮ ਹੋਣ ਉਪਰੰਤ ਬਾਜਰੇ ਦੀ ਰੋਟੀ ਲੱਸੀ ਅਤੇ ਡੇਲਿਆਂ ਦਾ ਅਚਾਰ ਮਿਲ ਗਿਆ। ਸ੍. ਕਿਰਪਾਲ ਸਿੰਘ ਜਿਹੜਾ ਕਈ ਮਹੀਨੇ ਤੋਂ ਅੰਨ ਦਾ ਇੱਕ ਦਾਣਾ ਵੀ ਨਹੀਂ ਖਾ ਸਕਿਆ। ਤਿੰਨ ਪ੍ਰਸ਼ਾਦੇ ਬਾਜਰੇ

ਦੇ, ਡੇਲਿਆਂ ਦਾ ਅਚਾਰ ਅਤੇ ਲੱਸੀ ਇਉਂ ਛੱਕ ਗਿਆ ਜਿਵੇਂ ਕਦੇ ਬੀਮਾਰ ਹੀ ਨਹੀਂ ਹੁੰਦਾ। ਬਾਬਾ ਜੀ ਦਾ ਸਾਧਾਰਨ ਤੌਰ ਤੇ ਕੀਤਾ ਬਚਨ ਅਮੋਲਕ ਜੀਵਨ ਬਖਸਦਾ ਸੀ, ਉਨ੍ਹਾਂ ਦੀ ਬਖਸ਼ਿਸ਼ ਹੀ ਇਤਨੀ ਵੱਡੀ ਸੀ।

**ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।**
**ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ॥** *(ਅੰਗ 810)*

## ਜੇਵਡੁ ਆਪਿ ਤੇਵਡ ਤੇਰੀ ਦਾਤਿ ॥

ਮਹਾਂਪੁਰਖ ਸੇਵਾ ਕਰਨ ਵਾਲੇ ਨੂੰ ਸਭ ਤਰ੍ਹਾਂ ਦੀ ਸਿੱਖਿਆ ਦੀਖਿਆ ਦੇ ਕੇ ਹਰ ਸਮੇਂ ਸਾਵਧਾਨ ਕਰਦੇ ਹਨ। ਸ੍ਰ. ਗੁਰਬਚਨ ਸਿੰਘ ਭਦੌੜ ਵਾਲਾ ਇੱਕ ਸਮੇਂ ਬਾਬਾ ਜੀ ਨੂੰ ਪੱਖਾ ਕਰ ਰਿਹਾ ਸੀ। ਅਚਾਨਕ ਹੀ ਬਾਬਾ ਜੀ ਨੇ ਹੁਕਮ ਕੀਤਾ ਭਦੌੜੀਆ, ਇਸ਼ਨਾਨ ਕਰਕੇ ਆਉ।" ਹੁਕਮ ਅਨੁਸਾਰ ਸਰਦਾਰ ਜੀ ਇਸ਼ਨਾਨ ਕਰ ਆਏ। ਤਾਂ ਹੁਕਮ ਹੋਇਆ ਸਾਡੇ ਸਾਹਮਣੇ ਬੈਠੋ," ਸਰਦਾਰ ਜੀ ਬੈਠ ਗਏ। ਫਿਰ ਸਰਦਾਰ ਦਾ ਹੱਥ ਫੜ ਕੇ ਹੁਕਮ ਕੀਤਾ ਆਖ ਮੈਂ ਤੇਰਾ, ਮੈਂ ਤੇਰਾ, ਮੈਂ ਤੇਰਾ।" ਇਸ ਤਰ੍ਹਾਂ ਬੇ-ਅੰਤ ਬਚਨ ਲੈਣ ਉਪਰੰਤ ਹੁਕਮ ਕੀਤਾ ਉੱਠ ਖੜਾ ਹੋ। ਤੈਥੋਂ ਅਜੇ ਦੁਨੀਆਦਾਰੀ ਦਾ ਕੰਮ ਲੈਣਾ ਹੈ। ਤੂੰ ਹੁਣ ਚਿੰਤ ਰਾਮ ਨੂੰ ਲੈ ਆ" ਜਿਸ ਵਕਤ ਸਰਦਾਰ ਜੀ ਚਿੰਤ ਰਾਮ ਜੀ ਨੂੰ ਲੈ ਆਏ, ਫਿਰ ਇਨ੍ਹਾਂ ਨੂੰ ਇਸ਼ਨਾਨ ਦਾ ਹੁਕਮ ਹੋਇਆ। ਇਸ਼ਨਾਨ ਕਰਨ ਤੋਂ ਬਾਅਦ ਉਹੀ ਮਰਿਯਾਦਾ ਚਿੰਤ ਰਾਮ ਜੀ ਨਾਲ ਕੀਤੀ। ਇਹ ਵੀ ਸਮਾਂ ਕਿਸੇ ਰੱਬੀ ਬਖਸ਼ਿਸ਼ ਦਾ ਸੀ।

**ਤ੍ਰੈ ਗੁਣ ਰਹਿਤ ਰਹੈ ਨਿਰਾਰੀ ਸਾਧਿਕ ਸਿਧ ਨ ਜਾਨੈ॥**
**ਰਤਨ ਕੋਠੜੀ ਅੰਮ੍ਰਿਤ ਸੰਪੂਰਨ ਸਤਿਗੁਰ ਕੈ ਖਜਾਨੈ॥੧॥**

(ਰਾਮਕਲੀ ਮ. ੫ ਅੰਗ ੮੮੩)

ਕੁਝ ਸਮੇਂ ਉਪਰੰਤ ਹੁਕਮ ਹੋਇਆ "ਭਦੌੜੀਆ, ਆਪਣੇ ਹਥੀ ਚਿੰਤ ਰਾਮ ਨੂੰ ਪ੍ਰਸ਼ਾਦਾ ਛਕਾਉ ਅਤੇ ਅਦਬ ਰੱਖੀ, ਇਹ ਅੱਗੇ ਵਾਲਾ ਚਿੰਤ

ਰਾਮ ਨਹੀਂ ਹੈ।"

**ਸੇਵਕ ਕਾ ਹੋਇ ਸੇਵਕੁ ਵਰਤਾ ਕਰਿ ਕਰਿ ਬਿਨਉ ਬੁਲਾਈ॥**

(ਸੂਹੀ ਮ. ੪ ਅੰਗ ੭੫੮)

ਹੁਕਮ ਅਨੁਸਾਰ ਪ੍ਰਸ਼ਾਦਾ ਪਹਿਲੋਂ ਬਾਬਾ ਜੀ ਦੀ ਹਜ਼ੂਰੀ ਵਿੱਚ ਲੈ ਆਂਦਾ। ਹਜ਼ੂਰ ਨੇ ਨਿਗਾਹ ਕਰਕੇ ਹੁਕਮ ਦਿੱਤਾ "ਲੈ ਜਾਓ, ਅਤੇ ਛਕਾਉ।" ਉਪਰੰਤ ਸ੍ਰ. ਗੁਰਬਚਨ ਸਿੰਘ ਪੰਡਿਤ ਚਿੰਤ ਰਾਮ ਜੀ ਪਾਸ ਪਹੁੰਚੇ ਅਤੇ ਪ੍ਰਸ਼ਾਦਾ ਛਕਾਉਣ ਲੱਗੇ। ਪੰਡਿਤ ਜੀ ਨੇ ਆਪਣਾ ਮੂੰਹ ਖੋਲ ਦਿੱਤਾ ਸ੍ਰ. ਗੁਰਬਚਨ ਸਿੰਘ ਨੇ ਆਪਣੇ ਹੱਥੀ ਚਿੰਤ ਰਾਮ ਜੀ ਨੂੰ ਪ੍ਰਸ਼ਾਦਾ ਛਕਾਇਆ ਅਤੇ ਅਦਬ ਰੱਖਿਆ। ਚਾਰ ਕੁ ਬੁਰਕੀਆਂ ਉਪਰੰਤ ਪੰਡਿਤ ਜੀ ਨੇ ਬੱਸ ਦਾ ਇਸ਼ਾਰਾ ਕੀਤਾ। ਉਪਰੰਤ ਜਲ ਛਕਾਇਆ। ਫਿਰ ਇਸ਼ਾਰੇ ਨਾਲ ਹੀ ਚੱਲੇ ਜਾਣ ਦਾ ਹੁਕਮ ਕੀਤਾ।

(ਇਹ ਪ੍ਰਸੰਗ ਸ. ਓਅੰਕਾਰ ਸਿੰਘ ਸਪੁੱਤਰ ਸ੍ਰ. ਗੁਰਬਚਨ ਸਿੰਘ ਭਦੌੜ ਵਾਲੇ ਪਾਸੋਂ ਮਿਲਿਆ।)

## ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਨ ਰਸਾਇਣ ॥

ਮੱਲ ਸਿੰਘ ਪੁੱਤਰ ਰੂੜ ਸਿੰਘ ਨਗਰ ਅੱਕਾਂ ਵਾਲੀ ਤਹਿਸੀਲ ਮਾਨਸਾ ਦਾ ਵਾਸੀ ਹੈ। ਮੱਲ ਸਿਘ ਦੇ ਪੂਹਲੇ ਪਿੰਡ ਨਾਨਕੇ ਸਨ। ਮੱਲ ਸਿੰਘ ਜਦੋਂ ਪੂਹਲੇ ਆਪਣੇ ਨਾਨਕੇ ਆਉਂਦਾ ਤਾਂ ਭੁੱਚੋਂ ਵੀ ਦਰਸ਼ਨ ਕਰ ਜਾਂਦਾ। ਇੱਕ ਦਿਨ ਬਾਬਾ ਜੀ ਨੇ ਮੱਲ ਸਿੰਘ ਨੂੰ ਪੁੱਛਿਆ "ਮੱਲ ਸਿੰਘ ਤੇਰਾ ਕੋਈ ਪ੍ਰਸ਼ਨ ਵੀ ਹੈ" ਉੱਤਰ ਵਿੱਚ ਮੱਲ ਸਿੰਘ ਨੇ ਬੇਨਤੀ ਕੀਤੀ, ਸੱਚੇ ਪਾਤਸ਼ਾਹ, ਦੋ ਵਿਆਹ ਹਨ ਤੇ ਪੁੱਤਰ ਕੋਈ ਨਹੀਂ ਹੈ। ਕਿਰਪਾ ਕਰੋ ਔਲਾਦ ਹੋ ਜਾਵੇ। ਬਾਬਾ ਜੀ ਨੇ ਬਚਨ ਕੀਤਾ "ਕੋਈ ਪੁੰਨ ਦਾਨ ਕਰੋ ਪੁੱਤਰ ਵੀ ਹੋ ਜਾਏਗਾ।" ਮੱਲ ਸਿੰਘ ਨੇ ਉਸੇ ਵਕਤ ਹੀ ਬਚਨ ਕਰ ਦਿੱਤਾ ਜੀ ਮੈਂ ਕੱਚੇ ਤਿੰਨ ਵਿਘੇ ਜ਼ਮੀਨ ਦਾਨ ਕਰਾਂਗਾ। ਬਾਬਾ ਜੀ ਨੇ ਬਚਨ ਕੀਤਾ "ਸ਼ੁੱਧ ਹੈ।"

ਕੁਝ ਸਮੇਂ ਬਾਅਦ ਮੱਲ ਸਿੰਘ ਦੇ ਚਾਰ ਲੜਕੇ ਹੋਏ। ਭੂਰਾ ਸਿੰਘ, ਅਮਰ ਸਿੰਘ, ਹਜ਼ੂਰ ਸਿੰਘ ਅਤੇ ਕਪੂਰ ਸਿੰਘ। ਸਮਾਂ ਬੀਤ ਗਿਆ ਅਤੇ ਮੱਲ ਸਿੰਘ ਆਪਣਾ ਬਚਨ ਪੂਰਾ ਨਾ ਕਰ ਸਕਿਆ। ਕਿਸੇ ਸਮੇਂ ਭੂਰੇ ਸਿੰਘ ਦੇ ਫੋੜੇ ਬੜੇ ਨਿਕਲੇ। ਕਿਤੋਂ ਅਰਾਮ ਨਾ ਆਇਆ। ਉਪਰੰਤ ਮੱਲ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕੀਤੀ। ਬਾਬਾ ਜੀ ਨੇ ਬਚਨ ਕੀਤਾ "ਮੱਲ ਸਿੰਘ ਤੂੰ ਆਪਣਾ ਬਚਨ ਯਾਦ ਕਰ।" ਤੁਰੰਤ ਹੀ ਮੱਲ ਸਿੰਘ ਨੇ ਮੁਆਫੀ ਮੰਗੀ ਤੇ ਅਰਦਾਸ ਕਰਵਾ ਕੇ ਤਿੰਨ ਵਿਘੇ ਜ਼ਮੀਨ ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਮ ਕਰਵਾ ਦਿੱਤੇ। ਬਾਬਾ ਜੀ ਨੇ ਬਚਨ ਕੀਤਾ "ਸ਼ੁੱਧ ਹੈ।" ਉਪਰੰਤ ਭੂਰਾ ਸਿੰਘ ਤੰਦਰੁਸਤ ਹੋ ਗਿਆ। ਫਿਰ ਵੀ ਮੱਲ ਸਿੰਘ ਦਰਸ਼ਨ ਤੇ ਸੇਵਾ ਕਰਦਾ ਰਿਹਾ।

ਇਹ ਪ੍ਰਸੰਗ ਮੱਲ ਸਿੰਘ ਦੇ ਸਪੁੱਤਰ ਭੂਰਾ ਸਿੰਘ ਨਿਵਾਸੀ ਕੋਟਲੀ ਕਲਾਂ ਪਾਸੋਂ ਮਿਲਿਆ

## "ਸਾਹਿਬੁ ਸੇਵਕੁ ਇਕੁ ਇਕੁ ਦ੍ਰਿਸਟਾਇਆ"

ਸੇਵਕਾਂ ਦੇ ਮਨ ਵਿੱਚ ਕੌਣ ਛੋਟਾ ਤੇ ਕੌਣ ਵੱਡਾ ਇਸ ਤਰ੍ਹਾਂ ਦੇ ਵਿਚਾਰ ਸਦਾ ਹੀ ਆਉਂਦੇ ਹਨ। ਫਿਰ ਸੰਸਿਆਂ ਨੂੰ ਨਵਿਰਤ ਮਹਾਂਪੁਰਖ ਆਪਣੇ ਆਪ ਹੀ ਕਰ ਦਿੰਦੇ ਹਨ। ਇੱਕ ਵਾਰ ਭੁੱਚੋਂ ਨਗਰ ਦੇ ਦੋ ਸੱਜਣ, ਇੱਕ ਜੈ ਰਾਮ ਪੰਡਿਤ ਮੰਦਰ ਦਾ ਪੁਜਾਰੀ ਤੇ ਇੱਕ ਇਸਦਾ ਮਿੱਤਰ, ਦੋਵੇਂ ਹੀ ਬਾਬਾ ਅਨੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਲਹਿਰੇ ਖਾਨੇ ਵੱਲ ਨੂੰ ਜਾ ਰਹੇ ਸਨ। ਰਸਤੇ ਵਿੱਚ ਰੇਲ ਦੀ ਸੜਕ ਉੱਪਰ ਇੱਕ ਕੋਠੜੀ ਸੀ, ਜੋ ਅਜੇ ਵੀ ਮੌਜੂਦ ਹੈ। ਬਾਬਾ ਜੀ ਕਲੇਰਾਂ ਵਾਲਿਆਂ ਦਾ ਆਸਣ ਇਸ ਕੋਠੜੀ ਵਿੱਚ ਸੀ ਅਤੇ ਬਾਹਰ ਇੱਕ ਸੇਵਾਦਾਰ ਪਹਿਰਾ ਦੇ ਰਿਹਾ ਸੀ। ਇਨ੍ਹਾਂ ਦੋਹਾਂ ਨੇ ਉਥੇ ਪਹੁੰਚ ਕੇ ਸੇਵਾਦਾਰ ਕੋਲ ਦੱਸਿਆ ਕਿ ਅਸੀਂ ਭੁੱਚੋ ਨਗਰ ਤੋਂ ਆਏ ਹਾਂ ਅਤੇ ਦਰਸ਼ਨ ਕਰਨੇ ਹਨ। ਸੇਵਾਦਾਰ ਨੇ ਕਿਹਾ

ਅਜੇ ਦਰਸ਼ਨ ਨਹੀਂ ਹੁੰਦੇ। ਇਨ੍ਹਾਂ ਨੇ ਹੈਰਾਨ ਹੋ ਕੇ ਪੁੱਛਿਆ ਕਿਉਂ ਨਹੀਂ ਹੁੰਦੇ। ਉੱਤਰ ਵਿੱਚ ਸੇਵਾਦਾਰ ਨੇ ਕਿਹਾ ਕਿ ਦਰਸ਼ਨ ਤਾਂ ਸ਼ਾਮ ਨੂੰ ਹੋਣਗੇ ਤੇ ਹੁਣ ਵਕਤ ਨਹੀਂ। ਉਪਰੰਤ ਇਹ ਦੋਵੇਂ ਬੜੇ ਨਿਰਾਸ਼ ਅਤੇ ਹੈਰਾਨ ਹੋਏ। ਹੁਣ ਪਿਛੇ ਮੁੜਨਾ ਵੀ ਮੁਸ਼ਕਿਲ ਸੀ, ਅਤੇ ਉਥੇ ਰੁਕ ਵੀ ਨਹੀਂ ਸੀ ਸਕਦੇ। ਆਖਿਰ ਵਿੱਚ ਦੋਵੇਂ ਜੈ ਰਾਮ ਪੰਡਿਤ ਅਤੇ ਸਾਥੀ ਬੇਵਸ਼ ਹੋ ਕੇ ਪਿੱਛੇ ਵੱਲ ਮੁੜੇ ਹੀ ਸਨ ਕਿ ਇਨ੍ਹਾਂ ਨੂੰ ਆਵਾਜ਼ ਦੇ ਕੇ ਬਾਬਾ ਜੀ ਨੇ ਆਪਣੇ ਪਾਸ ਬੁਲਾਕੇ ਪੁੱਛਿਆ ਕਿ "ਕਿਥੋਂ ਆਏ ਹੋ?" ਇਨ੍ਹਾਂ ਦੋਹਾਂ ਨੇ ਕੁਝ ਲੈਚੀਆਂ ਦਾ ਪ੍ਰਸ਼ਾਦ ਰੱਖ ਕੇ ਮੱਥਾ ਟੇਕਿਆ ਅਤੇ ਕਿਹਾ ਜੀ ਭੁੱਚੋਂ ਨਗਰ ਤੋਂ ਆਏ ਹਾਂ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ ਕਰਮਾ ਵਾਲੇ ਹੋ, ਸਾਡੇ ਗੁਰੂ ਕੀ ਨਗਰੀ ਤੋਂ ਆਏ ਅਤੇ ਅਸਾਨੂੰ ਦਰਸ਼ਨ ਦਿੱਤੇ। ਨਾਲ ਹੀ ਬਚਨ ਕੀਤਾ ਕਿ ਪ੍ਰੇਮੀਓ ਜਦੋਂ ਵੀ ਆਓ ਸਮੇਂ ਸਿਰ ਆਓ। ਤੇ ਫਿਰ ਪੰਡਿਤ ਅਤੇ ਇਸਦੇ ਸਾਥੀ ਨੂੰ ਕੁਝ ਲੈਚੀਆਂ ਦਾ ਪ੍ਰਸ਼ਾਦ ਦਿੱਤਾ। ਬਾਕੀ ਪ੍ਰਸ਼ਾਦ ਪੂੜੀ ਸਮੇਤ ਆਪਣੇ ਕੋਲ ਰੱਖ ਲਿਆ ਅਤੇ ਜਾਣ ਦੀ ਆਗਿਆ ਦਿੱਤੀ। ਉਪਰੰਤ ਇਹ ਦੋਵੇਂ ਹੀ ਵਾਪਸ ਭੁੱਚੋਂ ਨੂੰ ਚੱਲ ਪਏ। ਭੁੱਚੋਂ ਪਹੁੰਚ ਕੇ ਦੋਵੇਂ ਹੀ ਰੁਮੀ ਵਾਲੇ ਡੇਰੇ ਬਾਬਾ ਮਹਾਂ ਹਰਿਨਾਮ ਜੀ ਪਾਸ ਆ ਕੇ ਨਮਸਕਾਰ ਕਰਕੇ ਬੈਠ ਗਏ। ਉਸੇ ਸਮੇਂ ਹੀ ਬਾਬਾ ਜੀ ਨੇ ਬਚਨ ਕੀਤਾ "ਕਿਓਂ, ਕਰ ਆਏ ਮਹਾਂ ਪੁਰਖਾਂ ਦੇ ਦਰਸ਼ਨ। ਤੁਸੀਂ ਗਏ ਤਾਂ ਬਿਨਾਂ ਸਮੇਂ ਤੋਂ ਸੀ ਤੇ ਮਹਾਂਪੁਰਖ ਬੜੀ ਦੂਰ ਗਏ ਹੋਏ ਸਨ। ਅਸੀਂ ਸੋਚਿਆਂ ਸਾਡੇ ਪਿੰਡ ਦੇ ਸੇਵਾਦਾਰ ਨਿਰਾਸ਼ ਨਾ ਮੁੜਨ ਦੇ ਫਿਰ ਉਨ੍ਹਾਂ ਨੂੰ ਸੱਦਿਆ ਤਾਂ ਤੁਹਾਡੇ ਨਾਲ ਬਚਨ ਕੀਤੇ ਤੇ ਪ੍ਰਸ਼ਾਦ ਦਿੱਤਾ।" ਆਪਣੇ ਕੋਲੋਂ ਲੈਚੀਆਂ ਦੀ ਉਹੀ ਪੁੜੀ ਕੱਢ ਕੇ ਕਿਹਾ। "ਆਹ ਲਓ, ਬਾਕੀ ਬੱਚਿਆਂ ਪ੍ਰਸ਼ਾਦ ਹੈ।" ਉਪਰੰਤ ਉਹ ਪੂੜੀ ਜੈ ਰਾਮ ਦੇ ਸਾਥੀ ਨੂੰ ਫੜਾ ਦਿੱਤੀ। ਨਾਲ ਹੀ ਬਚਨ ਕੀਤਾ "ਤੁਹਾਡਾ ਪ੍ਰਸ਼ਾਦਾ ਉਨ੍ਹਾਂ ਨੇ ਸਾਡੇ ਕੋਲ ਪੁਚਾ ਦਿੱਤਾ। ਅਸੀਂ ਦੋਵੇਂ ਵਿਚੋਂ ਇੱਕ ਹੀ ਹਾਂ ਬਾਹਰ ਦੋ ਲਗਦੇ ਹਾਂ। ਸਾਡੀ ਮਰਿਯਾਦਾ ਹੋਰ ਹੈ ਉਨ੍ਹਾਂ ਦੀ ਹੋਰ ਹੈ।"

**ਹਮ ਓਇ ਮਿਲ ਹੋਇ ਇਕ ਰੰਗਾ॥**

(ਭੈਰਉ ਮ. ੫)

(ਇਹ ਪ੍ਰਸੰਗ ਜੈ ਰਾਮ ਪੰਡਿਤ ਮੰਦਰ ਦੇ ਪੁਜਾਰੀ ਤੋਂ ਮਿਲਿਆ।

ਮਹਾਰਾਣੀ ਦਲੀਪ ਕੌਰ ਬਾਬਾ ਜੀ ਦੇ ਅਸਥਾਨ ਉੱਤੇ ਬਣੀ ਹੋਈ ਕੋਠੀ ਜਿਥੇ ਅੱਜ ਕੱਲ ਆਖੰਡ ਪਾਠ ਚੱਲਦੇ ਰਹਿੰਦੇ ਹਨ ਦੀ ਸੇਵਾ ਕਰਵਾ ਰਹੀ ਸੀ। ਇਹ ਸੇਵਾ ਸੰਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਦੀ ਨਿਗਰਾਨੀ ਹੇਠ ਹੋ ਰਹੀ ਸੀ। ਇੱਕ ਵਾਰ ਸ੍ਰੀ ਰਾਮ ਸਿੰਘ ਜੀ ਨੇ ਬਾਬਾ ਜੀ ਪਾਸ ਬੇਨਤੀ ਕੀਤੀ "ਮਹਾਰਾਜ, ਕੁਝ ਮਾਇਆ ਦੀ ਲੋੜ ਹੈ।" ਉਪਰੰਤ ਬਾਬਾ ਜੀ ਨੇ ਬਚਨ ਕੀਤਾ ਆਪਣੇ ਕੋਲੋਂ ਖਰਚ ਕਰ ਦਿਓ। ਪਰ ਰਾਣੀ ਕੋਲੋਂ ਨਹੀਂ ਮੰਗਣਾ।" ਹੁਕਮ ਅਨੁਸਾਰ ਇਵੇਂ ਹੀ ਹੋਇਆ।

(ਇਹ ਕਾਕਾ ਜੋਗਿੰਦਰ ਸਿੰਘ ਪਾਸੋਂ ਮਿਲਿਆ ਬਚਨ ਹੈ।)

**2**

ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਭੁੱਚੋਂ ਨਗਰ ਦੇ ਰਹਿਣ ਵਾਲੇ ਇੱਕ ਗੁਰਮੁਖ ਜਿਸਦਾ ਨਾਮ ਭਾਈ ਨਿਰੰਜਨ ਸਿੰਘ ਸੀ ਨੂੰ ਬਚਨ ਕੀਤਾ "ਅੱਗੇ ਤੋਂ ਸਾਡਾ ਲੰਗਰ ਤੇਰੇ ਘਰ ਪੱਕਿਆ ਕਰੇਗਾ।" ਭਾਈ ਨਿਰੰਜਨ ਸਿੰਘ ਨੇ ਸਤ ਬਚਨ ਕਹਿਕੇ ਮੰਨ ਲਿਆ। ਫਿਰ ਲਗਾਤਾਰ ਤਕਰੀਬਨ ਦੋ ਸਾਲ ਲੰਗਰ ਇਸ ਗੁਰਮੁਖ ਦੇ ਘਰੋਂ ਬਣਿਆ।

**ਸਰਬੀ ਰੰਗੀ ਰੂਪੀ ਤੂੰ ਹੈ ਤਿਸ ਬਖਸ਼ੇ ਜਿਸ ਨਦਰਿ ਕਰੇ॥**

ਇਕ ਸਮੇਂ ਬਾਬਾ ਬੁੱਧ ਸਿੰਘ ਢਿਲੋਂ ਦਰਸ਼ਨ ਕਰਨ ਆਇਆ ਅੱਗੇ ਬਾਬਾ ਜੀ ਸ਼ਾਹੀ ਲਿਬਾਸ ਪਹਿਨ ਕੇ ਬੈਠੇ ਹੋਏ ਸਨ। ਇਹ ਲਿਬਾਸ ਜਰੀਦਾਰ ਪੁਸ਼ਾਕਾ, ਤਿੱਲੇ ਵਾਲਾ ਜਰੀਦਾਰ ਜੋੜਾ, ਕੰਗਣਾਂ ਦੀ ਜੋੜੀ, ਰੇਬ ਪਜਾਮਾ, ਛਾਪਾਂ ਥੇਵੇ ਵਾਲੀਆਂ, ਇਹ ਸ਼ਾਹੀ ਲਿਬਾਸ ਗਾਮਾ ਨਾਮ ਦੀ ਸੈਂਸਣ ਜਿਸਨੂੰ ਸੋਟੀ ਲੈ ਕੇ ਰਾਣੀ ਬਣਾਇਆ ਸੀ ਨੇ ਪੁੱਤਰ ਹੋਣ ਤੋਂ ਬਾਅਦ ਭੇਂਟਾ ਕੀਤਾ ਸੀ, ਜਿਸਦਾ ਪ੍ਰਸੰਗ ਪਿੱਛੇ ਆ ਚੁੱਕਾ ਹੈ। ਅੱਜ ਬਾਬਾ ਜੀ ਨੂੰ ਨਵੇਂ ਰੂਪ ਵਿੱਚ ਵੇਖ ਕੇ ਬੁੱਧ ਸਿੰਘ ਢਿਲੋਂ ਨੇ ਬੇਨਤੀ ਕੀਤੀ "ਮਹਾਰਾਜ, ਅੱਜ ਤਾਂ

ਸ਼ਾਹੀ ਬਸਤਰ ਪਹਿਨੇ ਹਨ।" ਉੱਤਰ ਵਿੱਚ ਹਜ਼ੂਰ ਨੇ ਬਚਨ ਕੀਤਾ, "ਅਸੀਂ ਕਿਸੇ ਸਮੇਂ ਰਾਜ ਵੀ ਕਰਨਾ ਹੈ। ਅਤੇ ਜਿਥੇ ਬੈਠੇ ਹਾਂ ਇਥੇ ਸਾਡੀ ਤਿੰਨ ਮੰਜ਼ਿਲ ਕੋਠੀ ਬਣੇਗੀ। ਸਾਡੀ ਬੜੀ ਭਾਰੀ ਸੈਨਾ ਹੋਵੇਗੀ। ਪੰਜ ਮਹਾਂਪੁਰਖ ਫੌਜ ਦੇ ਜਰਨੈਲ ਹੋਣਗੇ ਅਤੇ ਬ੍ਰਹਮ ਗਿਆਨੀ ਵੀ ਹੋਣਗੇ। ਤੇਰਾਂ-ਤੇਰਾਂ ਦੀ ਗਿਣਤੀ ਹੋਏਗੀ। ਜਿਹੜੇ ਛੇ ਰਿਖੀ ਹਨ, ਉਨ੍ਹਾਂ ਨੇ ਆਪਣੀਆਂ ਘਰ ਵਾਲੀਆਂ ਨੂੰ ਤਿਆਗਿਆ ਹੈ। ਉਨ੍ਹਾਂ ਦਾ ਮੇਲ ਕਰਾਵਾਂਗੇ। ਚੰਦਮਾਂ ਦਾ ਵਧਣਾ, ਘਟਣਾ ਬੰਦ ਹੋਵੇਗਾ। ਇੱਕ ਵਾਰ ਧਰਤੀ ਅੰਨ ਦੇਣ ਤੋਂ ਜਵਾਬ ਦੇ ਜਾਵੇਗੀ। ਫਿਰ ਸਾਡੇ ਰਾਜ ਵਿੱਚ ਇੱਕ ਵਾਰ ਬੀਜੇ ਤੋਂ ਸੱਤ ਫਸਲਾਂ ਦਿਆਂ ਕਰੇਗੀ। ਅਰੁਣ ਪਿੰਗਲਾ ਹੈ। ਇਸਨੂੰ ਠੀਕ ਕਰਾਂਗੇ" ਐਸੇ ਅਨੇਕ ਭਵਿੱਖਤ ਬਚਨ ਕੀਤੇ। ਉਪਰੰਤ ਬਾਬਾ ਬੁੱਧ ਸਿੰਘ ਢਿਲੋਂ ਨੂੰ ਹੁਕਮ ਕੀਤਾ "ਅੱਜ ਅਸੀਂ ਪੰਡਿਤ ਨੂੰ ਭੋਜਨ ਕਰਾਉਣਾ ਹੈ ਉਨ੍ਹਾਂ ਨੂੰ ਬੁਲਾਓ।" ਹੁਕਮ ਅਨੁਸਾਰ ਬਾਬਾ ਬੁੱਧ ਸਿੰਘ ਢਿਲੋਂ ਨੇ ਪੰਡਿਤ ਬੁਲਾ ਲਿਆਂਦੇ। ਫਿਰ ਇਨ੍ਹਾਂ ਨੂੰ ਪ੍ਰਸ਼ਾਦਾ ਛਕਾਇਆ ਤੇ ਦਕਸ਼ਨਾ ਦਿੱਤੀ ਅਤੇ ਸ਼ਾਹੀ ਲਿਬਾਸ ਉਤਾਰਿਆ।

(ਇਹ ਬਚਨ ਬੁੱਧ ਸਿੰਘ ਢਿੱਲੋਂ ਦੇ ਪੋਤਰੇ ਗੁਲਵੰਤ ਸਿੰਘ ਨੇ ਲਿਖਾਇਆ।)

## ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ

*ਅੰਗ ੮੦੩*

ਮਾਇਆ ਨੇ ਸੰਸਾਰੀ ਬੰਦੇ ਉੱਤੇ ਆਪਣੀ ਪਕੜ ਇਤਨੀ ਮਜ਼ਬੂਤ ਕੀਤੀ ਹੈ ਕਿ ਮਹਾਂਪੁਰਖਾਂ ਦੇ ਦਰਸ਼ਨ ਕਰਕੇ ਇਉਂ ਭੁਲਦਾ ਹੈ, ਜਿਵੇਂ ਕੁਝ ਵੇਖਿਆ ਹੀ ਨਹੀਂ ਹੁੰਦਾ। ਪੂਰਬਲੇ ਕਰਮ ਕਹਿ ਦਿਓ ਜਾਂ ਰੱਬੀ ਮੇਹਰ ਕਹੋ ਫਿਰ ਕਿਸੇ ਨਾ ਕਿਸੇ ਬਹਾਨੇ ਪ੍ਰਮੇਸ਼ਰ ਯਾਦ ਕਰਵਾ ਹੀ ਦਿੰਦਾ ਹੈ ਜਿਵੇਂ ਕੋਈ ਸੁੱਤੇ ਹੋਏ ਨੂੰ ਜਗਾਉਣ ਵਾਲੀ ਗੱਲ ਹੈ। ਭਾਈ ਰਤਨ ਸਿੰਘ ਡਰੋਲੀ ਨਾਲ ਵੀ ਇਵੇਂ ਵਰਤੀ। ਜੋ ਉਨ੍ਹਾਂ ਦੀ ਆਪਣੀ ਜ਼ਬਾਨੀ ਦੱਸੀ

ਉਹ ਇਸ ਤਰ੍ਹਾਂ ਹੈ। ਉਨ੍ਹਾਂ ਦੇ ਘਰਵਾਲੀ ਮਾਤਾ ਜੈ ਕੌਰ ਕਿਸੇ ਵਕਤ ਬੀਮਾਰ ਹੋ ਗਈ। ਉਸਦੇ ਵਾਸਤੇ ਦਵਾਈ ਲੈਣ ਵਾਸਤੇ ਭਾਈ ਰਤਨ ਸਿੰਘ ਡਰੋਲੀ, ਡਰੋਲੀ ਭਾਈ ਤੋਂ ਪਹਾੜ ਵਾਲੇ ਪਾਸੇ ਤਕਰੀਬਨ ਚਾਰ ਪੰਜ ਕਿਲੋਮੀਟਰ ਉੱਤੇ ਪਿੰਡ ਸਲ੍ਹੀਣਾ ਵਿਖੇ ਇੱਕ ਵੈਦ ਕੋਲ ਗਏ। ਨਗਰ ਸਲ੍ਹੀਣਾ ਪਹੁੰਚ ਕੇ ਦਵਾਈ ਲੈ ਕੇ ਮੁੜਨ ਸਮੇਂ ਕੁਝ ਚੰਗੇ ਪਤਵੰਤੇ ਸੱਜਣ ਫੁਲਾਂ ਦੇ ਹਾਰ ਲਈ ਜਾ ਰਹੇ ਸਨ। ਇਨ੍ਹਾਂ ਨੇ ਵੇਖੇ, ਪੁਛਣ ਤੋਂ ਪਤਾ ਲੱਗਿਆ ਸੁਆਮੀ ਸ਼ੰਕਰਾਂ ਪੁਰੀ ਜੀ ਆ ਰਹੇ ਹਨ। ਬਜ਼ਾਰ ਵਿਚੋਂ ਪ੍ਰਸਾਦ ਲੈ ਕੇ ਭਾਈ ਰਤਨ ਸਿੰਘ ਜੀ ਵੀ ਸ਼ੰਕਰਾ ਪੁਰੀ ਜੀ ਦੇ ਦਰਸ਼ਨ ਕਰਨ ਲਈ ਇਨ੍ਹਾਂ ਦੇ ਨਾਲ ਹੀ ਤੁਰੇ ਪਏ। ਅੱਗੇ ਇਨ੍ਹਾਂ ਦੇ ਪਹੁੰਚਣ ਤੋਂ ਪਹਿਲੋਂ ਸੰਕਰਾ ਪੁਰੀ ਆ ਚੁੱਕੇ ਸਨ। ਪ੍ਰੇਮੀ ਸ਼ਰਧਾਲੂ ਆਪੋ ਆਪਣੀ ਵਾਰੀ ਅਨੁਸਾਰ ਪ੍ਰਸ਼ਾਦ ਰੱਖ ਕੇ ਮੱਥਾ ਟੇਕ ਰਹੇ ਸਨ। ਭਾਈ ਰਤਨ ਸਿੰਘ ਨੇ ਵੀ ਵਾਰੀ ਮਿਲਣ ਤੇ ਪ੍ਰਸ਼ਾਦ ਰੱਖ ਕੇ ਨਮਸਕਾਰ ਕੀਤੀ ਤੇ ਬੈਠ ਗਏ। ਸਾਰੀ ਸੰਗਤ ਵੱਲ ਵੇਖਕੇ ਭਾਈ ਰਤਨ ਸਿੰਘ ਦੇ ਵੱਲ ਵੀ ਸ਼ੰਕਰਾਂ ਪੁਰੀ ਜੀ ਨੇ ਵੇਖਿਆ। ਫਿਰ ਇੱਕ ਸੇਵਕ ਨੂੰ ਇਸ਼ਾਰਾ ਕਰਕੇ ਆਪਣੇ ਕੋਲ ਸੱਦ ਕੇ ਭਾਈ ਰਤਨ ਸਿੰਘ ਨੂੰ ਬੁਲਾਉਣ ਲਈ ਕਿਹਾ। ਸੇਵਕ ਇਨ੍ਹਾਂ ਨੂੰ ਬੁਲਾ ਕੇ ਲੈ ਗਿਆ। ਭਾਈ ਰਤਨ ਸਿੰਘ ਨੇ ਸੁਆਮੀ ਜੀ ਪਾਸ ਜਾ ਕੇ ਨਮਸਕਾਰ ਕੀਤੀ। ਸੁਆਮੀ ਜੀ ਨੇ ਪੁੱਛਿਆ ਕਿਹੜਾ ਨਗਰ ਹੈ ਤੇਰਾ ਸਿਖਾ? ਭਾਈ ਰਤਨ ਸਿੰਘ ਜੀ ਨੇ ਉੱਤਰ ਦਿੱਤਾ ਜੀ ਭਾਈ ਕੀ ਡਰੋਲੀ, ਫਿਰ ਇਥੇ ਕਿਵੇਂ ਆਇਆ? ਦੂਜਾ ਸਵਾਲ ਸੀ। ਉੱਤਰ ਦਿੱਤਾ ਜੀ ਮੇਰੇ ਘਰੋਂ ਬੀਮਾਰ ਹੈ ਦਵਾਈ ਇਥੇ ਲੈਣ ਆਇਆ ਹਾਂ। ਫਿਰ ਸੁਆਮੀ ਸ਼ੰਕਰਾ ਪੁਰੀ ਜੀ ਨੇ ਪੁੱਛਿਆ ਕਿਸੇ ਸਾਧੂ ਮਹਾਂਪੁਰਖ ਦੀ ਸੰਗਤ ਕਰਦਾ ਹੈ ਕਿ ਨਹੀਂ। ਉੱਤਰ ਦਿੱਤਾ ਜੀ ਨਹੀਂ। ਫਿਰ ਸੁਆਮੀ ਜੀ ਨੇ ਆਪਣੇ ਸੇਵਾਦਾਰ ਨੂੰ ਇਸ਼ਾਰਾ ਕਰਕੇ ਬਚਨ ਕੀਤਾ ਇਸ ਡਰੋਲੀ ਵਾਲੇ ਸਿੱਖ ਨੇ ਜਿਹੜਾ ਪ੍ਰਸ਼ਾਦ ਭੇਟਾ ਕੀਤਾ ਹੈ, ਉਹ ਅਸਾਡੇ ਨੇੜੇ ਹੀ ਪਿਆ ਹੈ। ਇਸਦਾ ਪ੍ਰਸ਼ਾਦਾ ਮੋੜ ਦਿਓ ਅਤੇ ਨਾਲ ਹੀ ਬਚਨ ਕੀਤਾ ਸਿੱਖਾ ਭੁੱਚੋਂ ਇੱਕ ਮਹਾਂ ਪੁਰਸ਼ ਹਨ। ਤੂੰ ਉਨ੍ਹਾਂ ਦੀ ਸੇਵਾ ਕਰਨੀ

ਹੈ। ਇਹ ਤੇਰੀ ਮਸਤਕ ਦੀ ਰੇਖਾ ਬੋਲ ਰਹੀ ਹੈ। ਤੂੰ ਉਥੇ ਪਹੁੰਚਣਾ ਹੈ। ਇਹ ਤੇਰੇ ਪ੍ਰਸ਼ਾਦ ਨੇ ਉਥੇ ਜਾਣਾ ਹੈ। ਤੇਰਾ ਉਥੇ ਜਾਣ ਦਾ ਸਮਾਂ ਵੀ ਨੇੜੇ ਹੀ ਹੈ।"

**ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ।**
**ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ॥**

*(ਅੰਗ ੧੩੭੭)*

ਉਪਰੰਤ ਭਾਈ ਰਤਨ ਸਿੰਘ ਜੀ ਆਪਣੇ ਨਗਰ ਡਰੋਲੀ ਭਾਈ ਵੱਲ ਚਲੇ ਆਏ।

2

ਫਿਰ ਕਿਸੇ ਸੰਸਾਰੀ ਕੰਮਾਂ ਦੇ ਸਬੰਧ ਆਪਣੇ ਸਹੁਰੇ ਨਗਰ ਨੱਥੂਵਾਲਾ ਜਦ ਗਏ। ਉਸੇ ਸਮੇਂ ਮਹਾਨ ਵਿਦਵਾਨ ਪੰਡਿਤ ਭਾਨ ਸਿੰਘ ਜੀ ਨੇ ਵੀ ਬਚਨ ਦੁਹਰਾਇਆ ਜੇ ਸੇਵਾ ਕਰਨੀ ਹੈ, ਘਰ ਬਾਰ ਵੀ ਛੱਡਣਾ ਹੈ, ਤਾਂ ਇੱਕ ਮਹਾਂ ਪੁਰਖ ਭੁੱਚੋਂ ਹਨ। ਉਨ੍ਹਾਂ ਦੀ ਸੇਵਾ ਮਿਲ ਜਾਏ ਤਾਂ ਉਤਮ ਹੈ। ਭੁੱਚੋਂ ਵਾਲੇ ਮਹਾਂਪੁਰਖ ਜਹਾਜ਼ ਗੁਰੂ ਹਨ। ਜਿਹੜਾ ਵੀ ਜਹਾਜ਼ ਉੱਤੇ ਚੜੇ ਪਾਰ ਹੋ ਜਾਂਦਾ ਹੈ, ਐਸੇ ਹੀ ਸਮਰੱਥ ਬਾਬਾ ਜੀ ਭੁੱਚੋ ਵਾਲੇ ਹਨ। ਭਾਈ ਰਤਨ ਸਿੰਘ ਤੁਸੀਂ ਜਲਦੀ ਪਹੁੰਚੋ ਤਾਂ ਤੇ

**ਤਾ ਤੇ ਬਿਲਮੁ ਪਲੁ ਢਿਲ ਨਾ ਕੀਜੈ, ਜਾਇ ਸਾਧੂ ਚਰਨਿ ਲਗੀਜੈ॥**

(ਕਲਿਆਨ ਮ. ੪ ਅੰਗ ੧੩੨੬)

ਅਥਵਾ

**ਰਾਮਿ ਨਾਮਿ ਚਿਤੁ ਰਾਪੈ ਜਾ ਕਾ॥ ਉਪਜੰਪਿ ਦਰਸਨੁ ਕੀਜੈ ਤਾ ਕਾ॥**

(ਗਉੜੀ ਮ. ੧ ਅੰਗ ੨੨੮)

3

ਇਕ ਸੰਤ ਧਾਰੀ ਰਾਮ ਜੀ ਹੋਏ ਸਨ। ਇਨ੍ਹਾਂ ਦਾ ਨਗਰ ਮੁਦਕੀ ਸੀ। ਸੰਤ ਧਾਰੀ ਰਾਮ ਜੀ ਹੋਰ ਸੇਵਕ ਨਾਲ ਬਚਨ ਕਰਦੇ ਭਾਈ ਰਤਨ ਸਿੰਘ ਨੇ ਸੁਣੇ। ਕਿ ਭੁੱਚੋਂ ਵਾਲੇ ਮਹਾਂਪੁਰਖ ਬਹੁਤ ਹੀ ਉੱਚੇ ਹਨ। ਉਨ੍ਹਾਂ ਦੀ

ਸਾਥੋਂ ਸਿਫਤ ਨਹੀਂ ਹੋ ਸਕਦੀ।

**4**

ਬਾਬਾ ਜੀ ਦੇ ਡੇਰੇ ਤੋਂ ਪੁਰੇ ਦੀ ਤਰਫ ਉਸ ਸਮੇਂ ਇਹ ਥਾਂ ਬੇ ਆਬਾਦ ਸੀ। ਸ਼ਾਮ ਦੇ ਵਕਤ ਹਜ਼ੂਰ ਹੁਕਮ ਦੇ ਕੇ ਸਾਬਤ ਦੇਸੀ ਛੋਲੇ ਉਥੇ ਖਿਲਾਰ ਦਿੰਦੇ ਸਨ। ਤਕਰੀਬਨ ਰੋਜ਼ ਵਾਗੂੰ ਹੀ ਇਹ ਸੇਵਾ ਕਿਸੇ ਨੂੰ ਦਿੱਤੀ ਜਾਂਦੀ। ਹੈਰਾਨੀ ਹੈ, ਕਿਸੇ ਪਸ਼ੂ ਜਾਂ ਪੰਛੀ ਦੇ ਕੋਈ ਨਿਸ਼ਾਨ ਨਹੀਂ ਕਦੇ ਵੀ ਦਿਖਾਈ ਦਿੱਤੇ। ਦੱਸਦੇ ਹਨ, ਗਈ ਰਾਤ ਨੂੰ ਲੁਕ ਕੇ ਵੇਖਣ ਦੇ ਨਾਲ ਵੀ ਕੋਈ ਪਤਾ ਨਹੀਂ ਸੀ ਲੱਗਦਾ।

## ਅਨਤਾ ਧਨੁ ਤਰਣੀ ਤਰੈ ਅਨਤ ਨ ਚਾਹਿਆ ਜਾਇ ॥
## ਅਨਤ ਕਉ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥

*(ਅੰਗ ੧੫੭)*

ਇਨਸਾਨ ਬਹੁਤ ਕੰਮ ਕਰਦਾ ਹੈ, ਕੋਈ ਖੇਤੀ ਕਰਦਾ ਹੈ, ਕੋਈ ਦੁਕਾਨ ਕਰਦਾ ਹੈ, ਕੋਈ ਵਿਉਪਾਰ ਕਰਦਾ ਹੈ, ਕੋਈ ਚੋਰੀ ਕਰਦਾ ਹੈ, ਕੋਈ ਠੱਗੀਆਂ ਮਾਰਦਾ ਹੈ ਅਤੇ ਕੋਈ ਜੂਆ ਖੇਡਦਾ ਹੈ। ਸਭ ਦਾ ਨਿਸ਼ਾਨਾ ਮਾਇਆ ਦੀ ਪ੍ਰਾਪਤੀ ਵਾਸਤੇ ਹੈ। ਕਿਸੇ ਨੂੰ ਮਿਲ ਵੀ ਜਾਂਦੀ ਹੈ। ਪਰ ਬਹੁਤਿਆਂ ਦੇ ਪੱਲੇ ਖੁਆਰੀ ਪੈਂਦੀ ਹੈ। ਅਗਲੀ ਮਿਲੀ ਹੋਈ ਮਾਇਆ ਵੀ ਗੁਆ ਬੈਠਦੇ ਹਨ।

ਇਸ ਬਾਬਤ ਗੁਰਬਾਣੀ ਦੱਸਦੀ ਹੈ।

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥**
**ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥੩॥**

(ਰਾਗ ਗਉੜੀ ਮ. ੧ ਅੰਗ ਨੰ. ੧੫੭)

ਇਸ ਤਰ੍ਹਾਂ ਹੀ ਇੱਕ ਸਿੱਖ ਜਿਸਦਾ ਨਾਮ ਕਾਕੂ ਸਿੰਘ ਸੀ ਜਿਸਦਾ ਨਗਰ ਨੱਥੂ ਵਾਲਾ ਜਦੀਦ ਸੀ। ਇਸਦੇ ਜੂਆ ਖੇਡ ਕੇ ਹਾਰ ਹੀ ਪੱਲੇ

ਪਈ ਸੀ। ਘਰ ਜਾਇਦਾਦ ਜ਼ਮੀਨ ਸਭ ਕੁਝ ਗਹਿਣੇ ਹੋ ਗਿਆ। ਇਸਦੇ ਨਗਰ ਇੱਕ ਮਹਾਤਮਾ ਪੰਡਿਤ ਭਾਨ ਸਿੰਘ ਜੀ ਸਨ। ਉਨ੍ਹਾਂ ਨੂੰ ਮਿਲਕੇ ਆਪਣਾ ਦੁੱਖ ਦੱਸਿਆ, ਪੰਡਿਤ ਭਾਨ ਸਿੰਘ ਜੀ ਵੀ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੂੰ ਜਾਣਦੇ ਅਤੇ ਪਛਾਣਦੇ ਸਨ। ਪੰਡਿਤ ਭਾਨ ਸਿੰਘ ਜੀ ਨੇ ਵੀ ਕਾਕੂ ਸਿੰਘ ਨੂੰ ਭੁੱਚੋਂ ਪਹੁੰਚ ਕੇ ਬੇਨਤੀ ਕਰਨ ਦੀ ਸਲਾਹ ਦਿੱਤੀ ਉਸ ਸਲਾਹ ਅਨੁਸਾਰ ਕਾਕੂ ਸਿੰਘ ਭੁੱਚੋਂ ਪਹੁੰਚਿਆ, ਉਪਰੰਤ ਬਾਬਾ ਜੀ ਨੇ ਆਪਣੀ ਮਰਿਯਾਦਾ ਅਨੁਸਾਰ ਨਾਮ ਗੋਤ ਜਿਸ ਤਰ੍ਹਾਂ ਕਿ ਸਭ ਨੂੰ ਪੁੱਛਿਆ। ਉਪਰੰਤ ਹੁਕਮ ਹੋਇਆ "ਤੇਰਾ ਪ੍ਰਸ਼ਨ ਕੀ ਹੈ" ਅਗੋਂ ਕਾਕੂ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਜੂਏ ਵਿੱਚ ਸਭ ਕੁਝ ਹਾਰ ਗਿਆ ਹਾਂ। ਕ੍ਰਿਪਾ ਕਰੋ। ਉਪਰੰਤ ਬਾਬਾ ਜੀ ਨੇ ਬਚਨ ਕੀਤਾ "ਤੇਰੀ ਜ਼ਿੰਦਗੀ ਵਿੱਚ ਹੀ ਤੇਰੇ ਪੁੱਤਰ ਚੰਗੀ ਕਮਾਈ ਕਰਕੇ ਸਭ ਕੁਝ ਬਣਾ ਲੈਣਗੇ ਤੂੰ ਇਵੇਂ ਹੀ ਰਹੇਂਗਾ। ਹੁਣ ਤੈਨੂੰ ਜਾਣ ਦੀ ਆਗਿਆ ਹੈ" ਅੱਜ ਉਸ ਪਰਿਵਾਰ ਦੀ ਹਾਲਤ ਬਹੁਤ ਹੀ ਚੰਗੀ ਹੈ ਇਹ ਬਚਨ ਸਤ ਹੋਏ।

(ਇਹ ਪ੍ਰਸੰਗ ਸ੍ਰ. ਕਾਕੂ ਸਿੰਘ ਦੇ ਪਰਿਵਾਰ ਪਾਸੋਂ ਮਿਲਿਆ।)

## ਸਤਿਗੁਰੁ ਵੇਪਰਵਾਹੁ ਸਿਰੰਦਾ ॥
## ਨ ਜਮਕਾਣਿ ਨ ਛੰਦਾ ਬੰਦਾ ॥

*(ਅੰਗ ੧੦੨੪)*

ਬੇਪ੍ਰਵਾਹ ਸਤਿਗੁਰੂ ਹੈ, ਗੁਰੂ ਨਾਨਕ ਸਾਹਿਬ ਵੀ ਬੇ-ਪ੍ਰਵਾਹ ਹਨ। ਅਤੇ ਉਸਦੇ ਦਸ ਸਰੂਪ ਵੀ ਬੇ-ਪ੍ਰਵਾਹ ਹਨ। ਜਿਸ ਹਿਰਦੇ ਵਿੱਚ ਨਾਮ ਬਾਣੀ ਵਸ ਜਾਵੇ ਸ਼ਬਦ ਨਾਲ ਅਭੇਦ ਹੋ ਕੇ ਮਹਾਂਪੁਰਖ ਬੇ-ਪ੍ਰਵਾਹ ਹੋ ਜਾਂਦੇ ਹਨ। ਗੁਰਵਾਕ ਹੈ "ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰ ਤਿਸਕਾ ਨਾਉ।"

ਇਹ ਬਚਨ ਬਾਬਾ ਆਨੰਦ ਸਿੰਘ ਜੀ ਨੇ ਲੇਖਕ ਦੇ ਪਿਤਾ ਜੀ ਨੂੰ

ਆਪਣੀ ਰਸਨਾ ਤੋਂ ਸੁਣਾਇਆ ਜੋ ਇਥੇ ਲਿਖਿਆ ਜਾ ਰਿਹਾ ਹੈ। ਇੱਕ ਵਾਰ ਕਲੇਰਾਂ ਵਾਲੇ ਬਾਬਾ ਜੀ ਭੁੱਚੋਂ ਵਾਲੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਭੁੱਚੋਂ ਪਹੁੰਚੇ ਅਤੇ ਫਿਰ ਕਈ ਤਰ੍ਹਾਂ ਦੇ ਪ੍ਰਮਾਰਥ ਦੇ ਗੁਜੇ ਬਚਨ ਹੋਏ। ਬਚਨ ਕਰਦਿਆਂ-ਕਰਦਿਆਂ ਭੁੱਚੋਂ ਵਾਲਿਆਂ ਨੇ ਫੁਰਮਾਇਆ॥ ਲਓ ਮਹਾਂ ਪੁਰਖ ਅਸੀਂ ਐਤਕੀ ਦੀਵਾਲੀ ਤੋਂ ਬਾਅਦ ਸਰੀਰ ਛੱਡਾਂਗੇ" ਕਲੇਰਾਂ ਵਾਲੇ ਬਾਬਾ ਜੀ ਨੇ ਫੁਰਮਾਇਆ ਇਹ ਬਚਨ ਸੁਣਦੇ ਸਾਰ ਹੀ ਸਾਨੂੰ ਇਓਂ ਲੱਗਾ ਜਿਵੇਂ ਹੇਠ ਜ਼ਮੀਨ ਨਿਕਲ ਰਹੀ ਹੋਵੇ, ਮਨ ਵਿੱਚ ਹੈਰਾਨੀ ਵਰਤ ਗਈ, ਉਸ ਸਮੇਂ ਸਾਨੂੰ ਹੋਰ ਤਾਂ ਕੁਝ ਨਾ ਸੁੱਝਿਆ, ਅਸੀਂ ਭੁੱਚੋਂ ਵਾਲਿਆਂ ਦੇ ਚਰਨ ਪਕੜ ਲਏ ਅਤੇ ਸਿਰ ਉਨ੍ਹਾਂ ਦੇ ਚਰਨਾਂ ਉੱਤੇ ਰੱਖ ਕੇ ਐਨਾ ਵੈਰਾਗ ਕੀਤਾ ਅਤੇ ਵੈਰਾਗ ਮਈ ਬੇਨਤੀਆਂ ਕੀਤੀਆਂ ਜਿਨ੍ਹਾਂ ਚਿਰ ਭੁੱਚੋਂ ਵਾਲਿਆਂ ਨੇ ਸਾਨੂੰ ਪੁੱਛਿਆ ਨਾ "ਕੀ ਚਾਹੁੰਦੇ ਹੋ" ਅਸੀਂ ਚਰਨ ਨਹੀਂ ਛੱਡੇ ਜਿਸ ਸਮੇਂ ਇਹ ਬਚਨ ਕੀਤਾ ਚੰਗਾ ਫਿਰ "ਕੁਝ ਸਮਾਂ ਹੋਰ ਰਹਿ ਪੈਂਦਾ ਹਾਂ" ਇਸ ਤਰ੍ਹਾਂ ਕਈ ਵਾਰ ਕਦੇ ਇੱਕ ਸਾਲ ਬਾਅਦ ਕਦੇ ਦੋ ਸਾਲ ਬਾਅਦ ਇਹ ਬਚਨ ਕਰਨਾ, ਇਸ ਤਰ੍ਹਾਂ ਦਸ ਬਾਰਾਂ ਸਾਲ ਲੰਘ ਗਏ।

## ਗੁਪਤੁ ਪ੍ਰਗਟੁ ਸਭ ਜਾਣੀਐ<br>ਜੇ ਮਨੁ ਰਾਖੈ ਠਾਇ ॥

*(ਅੰਗ ੫੭)*

ਮਹਾਂ ਪੁਰਖ ਦੇ ਹੁਕਮ ਅੰਦਰ ਸੇਵਕ ਰਹੇ। ਸੇਵਾ ਅਤੇ ਸਿਮਰਨ ਵਲੋਂ ਗਾਫਲ ਨਾ ਹੋਵੇ, ਤਾਂ ਮਨ ਬਿਰਤੀ ਉੱਚੀ ਅਵੱਸਥਾ ਵਾਲੀ ਹੋ ਜਾਂਦੀ ਹੈ। ਉੱਚੀਆਂ ਅਵੱਸਥਾਵਾਂ ਵਿੱਚ ਬੜੇ ਅਨੋਖੇ ਕੌਤਕ ਵਰਤਦੇ ਹਨ। ਪੰਡਿਤ ਸ੍ਰੀ ਰਾਮ ਸਿੰਘ ਜੀ ਇਸ ਸਮੇਂ ਸੇਵਾ ਵਿੱਚ ਹਾਜ਼ਰ ਸਨ। ਉਨ੍ਹਾਂ ਇੱਕ ਗੁਪਤ ਚਮਤਕਾਰ ਵੇਖਿਆ ਜੋ ਇਥੇ ਲਿਖਿਆ ਜਾ ਰਿਹਾ ਹੈ। ਪੰਡਿਤ ਜੀ ਨੇ

ਇੱਕ ਨਜ਼ਾਰਾ ਵੇਖਿਆ ਕਿ ਅੰਗਰੇਜ਼ੀ ਰੂਪ ਰੰਗ ਚਿਹਨ ਚੱਕਰ ਵਾਲੇ ਬੰਦੇ ਹਨ, ਜਿਨ੍ਹਾਂ ਵਿਚੋਂ ਚਾਰ ਬੰਦੇ ਬਾਬਾ ਜੀ ਦੇ ਪਲੰਘ ਨੂੰ ਚੁੱਕੀ ਜਾ ਰਹੇ ਹਨ। ਹੋਰ ਵੀ ਬੇਅੰਤ ਹਨ ਕਿਸੇ ਕੋਲ ਚੌਰ, ਘੜਿਆਲ ਨਰਸਿੰਘੇ ਹਨ ਅਤੇ ਜੈ ਜੈ ਕਾਰ ਵਾਲੇ ਸ਼ਬਦ ਬੋਲਦੇ ਹੋਏ ਜਾ ਰਹੇ ਹਨ। ਤਾਂ ਪੰਡਿਤ ਸ੍ਰੀ ਰਾਮ ਸਿੰਘ ਜੀ ਉਨ੍ਹਾਂ ਦੇ ਅੱਗੇ ਹੋ ਕੇ ਪੁੱਛਣ ਲੱਗੇ ਕਿ ਤੁਸੀਂ ਬਾਬਾ ਜੀ ਨੂੰ ਸਣੇ ਪਲੰਘ ਕਿਥੇ ਲੈ ਕੇ ਜਾ ਰਹੇ ਹੋ, ਤਾਂ ਉਨ੍ਹਾਂ ਨੇ ਅੱਗੋਂ ਜਵਾਬ ਦਿੱਤਾ ਕਿ ਇਹਨਾ ਮਹਾਂ ਪੁਰਖਾਂ ਨੂੰ ਸਾਰੀਆਂ ਤਾਕਤਾਂ ਦੇ ਲੈ ਕੇ ਦੁਨੀਆਂ ਦੇ ਭਲੇ ਲਈ ਪ੍ਰਮੇਸ਼ਰ ਨੇ ਭੇਜਿਆ ਸੀ, ਪਰ ਦੁਨੀਆਂ ਵਾਲੇ ਲੋਕ ਇਨ੍ਹਾਂ ਦੀ ਸੇਵਾ ਸੰਗਤ ਕਰਨਾ ਨਹੀਂ ਚਾਹੁੰਦੇ ਉਲਟ ਨਿਰਾਦਰ ਕਰਦੇ ਹਨ। ਸਾਨੂੰ ਪ੍ਰਮੇਸ਼ਰ ਨੇ ਹੁਕਮ ਕੀਤਾ ਹੈ ਤੁਸੀਂ ਉਨ੍ਹਾਂ ਨੂੰ ਲੈ ਆਓ, ਸੋ ਬਈ ਹੁਕਮ ਅਨੁਸਾਰ ਅਸੀਂ ਇਨ੍ਹਾਂ ਨੂੰ ਲੈ ਕੇ ਜਾ ਰਹੇ ਹਾਂ। ਇਤਨੀ ਝਲਕ ਉਪਰੰਤ ਪੰਡਿਤ ਜੀ ਦੀ ਅੱਖ ਖੁਲ ਗਈ ਅਤੇ ਮਨ ਵਿੱਚ ਬੜੀਆਂ ਵਿਚਾਰਾਂ ਆਈਆਂ। ਮਨ ਬੜਾ ਵਿਆਕੁਲ ਹੋਵੇ ਧੀਰਜ ਨਾ ਰਿਹਾ। ਅਖੀਰ ਉੱਤੇ ਹੌਸਲਾ ਕਰਕੇ ਪੰਡਿਤ ਜੀ ਨੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੂੰ ਬੇਨਤੀ ਕਰਕੇ ਪੁਛ ਲਿਆ "ਗਰੀਬ ਨਿਵਾਜ਼ ਮੈਂ ਐਸਾ ਦ੍ਰਿਸ਼ਟਾਂਤ ਵੇਖਿਆ ਹੈ ਮੈਨੂੰ ਸਮਝ ਨਹੀਂ ਆਈ ਤੁਸੀਂ ਕ੍ਰਿਪਾ ਕਰਕੇ ਸਮਝਾਉ। ਤਾਂ ਅਗੋਂ ਬਾਬਾ ਜੀ ਨੇ ਉੱਤਰ ਵਿੱਚ ਬਚਨ ਕੀਤਾ "ਜੋ ਕੁਛ ਤੂੰ ਵੇਖਿਆ ਉਹ ਠੀਕ ਹੈ ਇਹ ਸਾਨੂੰ ਚੁੱਕ ਕੇ ਲੈ ਜਾਣ ਵਾਲੇ ਅੰਗਰੇਜ਼ ਨਹੀਂ ਸਨ। ਇਹ ਬ੍ਰਹਮਾ, ਵਿਸ਼ਨੂੰ, ਸ਼ਿਵ ਆਦਿਕ ਤੇਤੀ ਕਰੋੜ ਦੇਵਤੇ ਸਨ।"ਫਿਰ ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਸੰਤ ਬਹਾਲ ਦਾਸ ਜੀ ਵੀ ਆਪ ਜੀ ਪਾਸੋਂ ਕੁਝ ਪ੍ਰਾਪਤ ਕਰ ਗਏ ਹਨ, ਸੰਤ ਸੰਪੂਰਨ ਦਾਸ ਜੀ ਅਤੇ ਰਿਖੀ ਅਨੰਦ ਸਿੰਘ ਜੀ ਵੀ ਝੋਲੀਆਂ ਭਰ ਕੈ ਲੈ ਗਏ ਅਤੇ ਸੰਤ ਚਿੰਤ ਰਾਮ ਬੇ-ਅੰਤ ਵਰੋਸ ਕੇ ਗਏ, ਗਰੀਬ ਨਿਵਾਜ਼ ਮੈਂ ਛੋਟਾ ਜਿਹਾ ਆਪ ਜੀ ਦੇ ਦਰ ਆਇਆ ਅਤੇ ਆਪ ਜੀ ਦੀ ਬਖਸ਼ਿਸ਼ ਤੋਂ ਕਿਤੇ ਖਾਲੀ ਹੀ ਨਾ ਰਹਿ ਜਾਵਾਂ, ਮੇਰੇ ਗਰੀਬ ਉੱਤੇ ਵੀ ਕਿਰਪਾ ਕਰਨੀ। ਬੇਨਤੀ ਸੁਨਣ

ਉਪੰਰਤ ਬਾਬਾ ਜੀ ਨੇ ਬਚਨ ਕੀਤਾ "ਸ਼ੁੱਧ ਹੈ ਤੇਰਾ ਸਾਨੂੰ ਚੇਤਾ ਨਹੀਂ ਭੁਲਿਆ ਜੋ ਕੁਝ ਤੈਨੂੰ ਪਦਾਰਥ ਦੇਣਾ ਹੈ ਓਹ ਤੇਰੇ ਅੰਦਰ ਹੀ ਗੰਢ ਬੰਨ ਕੇ ਰੱਖਿਆ ਹੈ ਅੱਖ ਫਰਕਣ ਤੋਂ ਪਹਿਲਾਂ ਹੀ ਉਹ ਗੰਢ ਖੁਲ ਜਾਏਗੀ ਹਰਨ ਭਰਨ ਜਾ ਕਾ ਨੇਤ੍ਰ ਫੋਰੁ ਪੰਡਿਤ ਜੀ ਹੌਸਲਾ ਰਖੋ ਸੇਵਾ ਕਰੀ ਜਾਓ" ਉਪਰੰਤ ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਜੇ ਉਹ ਦੇਵਤੇ ਸਨ ਤਾਂ ਅੰਗਰੇਜ਼ਾਂ ਦੇ ਰੂਪ ਵਿੱਚ ਕਿਉਂ ਆਏ ਕੀ ਦੇਵਤਿਆਂ ਦੇ ਦਿਬ ਸਰੂਪ ਜਿਵੇਂ ਕਿ ਗ੍ਰੰਥਾਂ ਵਿੱਚ ਲਿਖੇ ਹਨ। ਉਸ ਤਰ੍ਹਾਂ ਦੇ ਨਹੀਂ ਹੁੰਦੇ। ਉਪੰਰਤ ਸ੍ਰੀ ਹਜ਼ੂਰ ਬਾਬਾ ਜੀ ਨੇ ਬਚਨ ਕੀਤਾ "ਜੋ ਵਤਨ ਦੀ ਸਰਕਾਰ ਹੋਵੇ ਉਸਦੇ ਰੂਪ ਵਿੱਚ ਦੇਵਤੇ ਆਉਂਦੇ ਹਨ" ਭਾਵ ਕਿ ਉਨ੍ਹਾਂ ਦੀਆਂ ਵਰਦੀਆਂ ਆਦਿਕ ਸਰੂਪ ਧਾਰਨ ਕਰਕੇ ਆਉਂਦੇ ਹਨ "ਕੋਈ ਭਰਮ ਕਰਨ ਦੀ ਲੋੜ ਨਹੀਂ ਸਭ ਸ਼ੁੱਧ ਹੈ।"

## ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਿਜ ਸੁਭਾਈ ॥

*(ਅੰਗ ੬੩੮)*

ਜਿਨ੍ਹਾਂ ਸ਼ਕਤੀਆਂ ਨੂੰ ਪ੍ਰਾਪਤ ਕਰਕੇ ਕਈ ਮਾਣ ਵਿੱਚ ਫੱਸ ਜਾਂਦੇ ਹਨ ਉਨ੍ਹਾਂ ਪ੍ਰਤੀ ਸਾਹਿਬ ਦਾ ਹੁਕਮ ਹੈ "ਰਿਧ ਸਿਧ ਸਭ ਮੋਹ ਹੈ

"ਨਾਮੁ ਨ ਵਸੈ ਮਨ ਆਇਆ॥ ਰਿਧ ਸਿਧ ਅਵਰਾ ਸਾਦ"

ਪਰੰਤੂ ਪੂਰਨ ਪਦ ਵਿੱਚ ਵਿਚਰਨ ਵਾਲੇ ਰਿੱਧ ਸਿੱਧ ਵਿੱਚ ਵਿਚਰ ਕੇ ਆਪਣੇ ਆਪ ਵਿੱਚ ਹੀ ਜੁੜੇ ਰਹਿੰਦੇ ਹਨ। ਉਨ੍ਹਾਂ ਦਾ ਹਰ ਇੱਕ ਬਚਨ ਹੀ ਸੁੱਤੇ ਸਿਧ ਫਲਦਾਇਕ ਹੁੰਦਾ ਹੈ। ਪਰੰਤੂ ਆਮ ਆਦਮੀ ਦੀ ਸਮਝ ਤੋਂ ਬਹੁਤ ਉੱਚਾ ਹੁੰਦਾ ਹੈ। ਕਿਸੇ ਸਮੇਂ ਬਾਬਾ ਜੀ ਕਲੇਰਾਂ ਵਾਲੇ ਭੁੱਚੋਂ ਦਰਸ਼ਨ ਕਰਨ ਆਏ ਸਨ। ਬਾਬਾ ਆਨੰਦ ਸਿੰਘ ਜੀ ਨੇ ਭੁੱਚੋਂ ਵਾਲਿਆਂ ਦੇ ਚਰਨਾਂ ਵਿੱਚ ਬੇਨਤੀ ਕੀਤੀ ਕਿ ਗਰੀਬ ਨਿਵਾਜ ਕਈ ਸਾਧੂ ਅਸਾਡੇ ਪਾਸ ਸ਼ੰਕਾ ਕਰਦੇ ਹਨ ਕਿ ਤੁਹਾਡੇ ਵੱਡੇ ਮਹਾਂਪੁਰਖ ਸ਼ਕਤੀਆਂ ਦੀ ਵਰਤੋਂ

ਬਹੁਤ ਕਰਦੇ ਹਨ। ਬਾਬਾ ਜੀ ਮਹਾਂ ਹਰਿਨਾਮ ਸਿੰਘ ਜੀ ਨੇ ਉੱਤਰ ਦਿੱਤਾ "ਮਹਾਂਪੁਰਖੋ ਉਨ੍ਹਾਂ ਲੋਕਾਂ ਨੂੰ ਸਮਝ ਹੀ ਨਹੀਂ ਕਿ ਅਸਲੀ ਕਰਾਮਾਤ ਕੀ ਹੈ। ਆਹ ਜਿਹੜੀਆਂ ਗੱਲਾਂ ਐਵੇ ਹੀ ਹੋ ਜਾਂਦੀਆਂ ਹਨ ਇਨ੍ਹਾਂ ਨੂੰ ਹੀ ਕਰਾਮਾਤ ਸਮਝ ਜਾਂਦੇ ਹਨ। ਤੁਸੀਂ ਆਪਣੇ ਅਨੰਦ ਵਿੱਚ ਮਗਨ ਰਹਿੰਦੇ ਹੋ, ਜੇ ਕੋਈ ਬਹੁਤਾ ਖਹਿੜਾ ਕਰੇ ਅਤੇ ਪਿੱਛਾ ਹੀ ਨਾ ਛੱਡੇ, ਤੇ ਉਸਨੂੰ ਸਾਡੇ ਵੱਲ ਭੇਜ ਦਿਆ ਕਰੋ ਅਸੀਂ ਜਾਣੀਏ ਤੇ ਉਹ ਜਾਣੇ ਜੇ ਕੋਈ ਅਸਲੀ ਕਰਾਮਾਤ ਵੇਖਣ ਵਾਲਾ ਹੋਏਗਾ ਪਹਿਲਾਂ ਉਹ ਵੇਖਕੇ ਲਿਜਾ ਵੀ ਸਕਦਾ ਹੈ ਅਤੇ ਪਰਖ ਕਰਾਂਗੇ ਜਿਸ ਤਰ੍ਹਾਂ ਤੁਹਾਡੀ ਹੋਈ ਹੈ ਤੁਸੀਂ ਜਾਣਦੇ ਹੀ ਹੋ। ਚਾਹੇ ਘੜੇ ਵਿੱਚ ਵੱਟਾ ਮਾਰੀਏ ਭਾਵੇਂ ਵੱਟੇ ਵਿੱਚ ਘੜਾ ਮਾਰੀਏ ਸਾਬਤ ਰਹੇਗਾ ਤਾਂ ਲੈ ਜਾਏਗਾ। ਜੇ ਟੁੱਟ ਗਿਆ ਤਾਂ ਕੋਈ ਫਿਕਰ ਨਹੀਂ "ਕਚ ਪਕਾਈ ਉਥੈ ਪਾਇ" ਇਹੋ ਜਿਹੀਆਂ ਕਰਾਮਾਤਾਂ ਤੁਸੀਂ ਵੀ ਵਿਖਾ ਦਿਆ ਕਰੋ ਤੁਹਾਡੇ ਕੋਲ ਕਿਹੜੀ ਹੈ ਨਹੀਂ, ਪਿਛਲੇ ਜਨਮ ਵਿੱਚ ਤੁਸੀਂ ਵੀ ਵਿਖਾਈ ਹੈ।" ਅਗੋਂ ਕਲੇਰਾਂ ਵਾਲਿਆਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਗਰੀਬ ਨਿਵਾਜ ਮੈਨੂੰ ਤਾਂ ਕੋਈ ਯਾਦ ਨਹੀਂ ਕਦੋਂ ਵਿਖਾਈ ਹੈ ਅਤੇ ਕਿਥੇ ਵਿਖਾਈ ਹੈ ਤਾਂ ਭੁੱਚੋਂ ਵਾਲੇ ਮਹਾਰਾਜ ਨੇ ਉੱਤਰ ਦਿੱਤਾ "ਜਿਸ ਵੇਲੇ ਤੁਸੀਂ ਸ਼ੇਖ ਬ੍ਰਹਮ ਦੇ ਜਾਮੇ ਵਿੱਚ ਸੀ ਪਾਕ ਪਟਨ" ਗੁਰੂ ਨਾਨਕ ਸਾਹਿਬ ਦਾ ਦਰਸ਼ਨ ਕਰਨ ਤੁਸੀਂ ਗਏ ਸੀ ਅਤੇ ਕੰਧ ਦੀ ਸਵਾਰੀ ਕਰਕੇ ਕੰਧ ਭਜਾ ਕੇ ਲੈ ਗਏ ਸੀ। ਇਹ ਜਦੋਂ ਅਗਮ ਨਿਗਮ ਦੀ ਸੋਝੀ ਲੈ ਕੇ ਝਾਤ ਮਾਰੀਏ ਫੇਰ ਪਤਾ ਲੱਗਦਾ ਹੈ। ਤੁਸੀਂ ਤਾਂ ਕਦੇ ਇਸ ਪਾਸੇ ਝਾਤ ਹੀ ਨਹੀਂ ਪਾਈ ਅਤੇ ਆਪਣੇ ਅਨੰਦ ਵਿੱਚ ਹੀ ਮਗਨ ਹੋ, ਕਿਤੇ ਝਾਤ ਮਾਰ ਲਿਆ ਕਰੋ।"

(ਇਹ ਬਚਨ ਬਾਬਾ ਜੀ ਕਲੇਰਾ ਵਾਲਿਆਂ ਤੋਂ ਲੇਖਕ ਦੇ ਪਿਤਾ ਜੀ ਨੇ ਸੁਣਿਆ ਤੇ ਲਿਖਾਇਆ।)

# “ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥”

*(ਅੰਗ ੧੨੫੩)*

ਜ਼ਮੀਨ ਵਿੱਚ ਪਹਿਲਾਂ, ਬੀਜ ਪਾਈਦਾ ਹੈ, ਫਿਰ ਬੂਟਾ ਬਣ ਕੇ ਉੱਗਦਾ ਹੈ। ਗੁਰਵਾਕ ਹੈ “ਪਹਿਲੋਂ ਦੇ ਜੜ ਅੰਦਰ ਜੰਮੈ ਉੱਪਰ ਹੋਵੈ ਛਾਉ” ਕਿਤਨਾ ਸਮਾਂ ਲੱਗਦਾ ਹੈ, ਬੀਜ ਬੀਜਦੇ ਵੱਧੇ ਫੁਲੇ। ਫਿਰ ਬੂਟਾ ਫੁਲ ਦੇਵੇ ਤਾਂ ਹੀ ਓਹ ਬੂਟਾ ਸੰਪੂਰਨ ਸਮਝਿਆ ਜਾਂਦਾ ਹੈ। ਭੁੱਚੋਂ ਵਾਲਿਆਂ ਪਾਸ ਇੱਕ ਸਰਦਾਰ ਪਟਿਆਲੇ ਤੋਂ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ਉਸਨੇ ਕੋਈ ਦੁੱਖ ਤਕਲੀਫ ਆਪਣੀ ਦੱਸੀ ਅਤੇ ਸੁਣ ਕੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ “ਜਿਸਨੇ ਤੇਰਾ ਇਲਾਜ ਕਰਨਾ ਹੈ, ਜਿਸਦੇ ਦਰਸ਼ਨ ਕਰਕੇ ਹੀ ਤੇਰੇ ਦੁਖ ਦੀ ਨਵਿਰਤੀ ਹੋਣੀ ਹੈ ਓਹ ਵੈਦ ਅਜੇ ਆਇਆ ਨਹੀਂ” ਇਸ ਤਰ੍ਹਾਂ ਕਰਕੇ ਉਹ ਸਰਦਾਰ ਲਗਾਤਾਰ ਕਈ ਸਾਲ ਆਉਂਦਾ ਰਿਹਾ ਬੇਨਤੀਆਂ ਕਰਦਾ ਰਿਹਾ ਬਾਬਾ ਜੀ ਹਰ ਵਾਰੀ ਇਹੋ ਹੀ ਜਵਾਬ ਦੇ ਕੇ ਤੋਰ ਦਿੰਦੇ ਰਹੇ। ਅਖੀਰ ਨੂੰ ਇੱਕ ਵਾਰ ਬਾਬਾ ਅਨੰਦ ਸਿੰਘ ਜੀ ਵੀ ਭੁੱਚੋਂ ਆਏ ਹੋਏ ਸਨ, ਅਤੇ ਓਹ ਸਰਦਾਰ ਵੀ ਆ ਗਿਆ, ਸਰਦਾਰ ਨੇ ਨਮਸਕਾਰ ਕੀਤੀ, ਉਪਰੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ “ਬਈ ਸਰਦਾਰ ਜੀ ਤੇਰਾ ਇਲਾਜ ਕਰਨ ਵਾਲਾ ਆ ਗਿਆ ਹੈ। ਹੁਣ ਮੌਕਾ ਹੈ। ਤੂੰ ਆਪਣਾ ਇਲਾਜ ਕਰਵਾ ਲੈ ਜੇ ਚਾਹੁੰਦਾ ਹੈ।” ਉਸ ਸਰਦਾਰ ਨੇ ਤੁਰੰਤ ਹੀ ਕਾਹਲੀ ਨਾਲ ਹੱਥ ਜੋੜੇ ਅਤੇ ਬੇਨਤੀ ਕੀਤੀ ਮਹਾਰਾਜ ਛੇਤੀ ਕ੍ਰਿਪਾ ਕਰੋ ਦੱਸੋ ਉਪਰੰਤ ਬਾਬਾ ਜੀ ਉਸ ਜਗ੍ਹਾ ਵੱਲ ਜਿਥੇ ਬਾਬਾ ਅਨੰਦ ਸਿੰਘ ਜੀ ਦਾ ਆਸਣ ਸੀ, ਉਧਰ ਨੂੰ ਭੇਜ ਦਿੱਤਾ। ਅੱਗੇ ਬਾਬਾ ਅਨੰਦ ਸਿੰਘ ਜੀ ਬੈਠੇ ਹੋਏ ਸਨ, ਇਥੇ ਪਹਿਰੇਦਾਰ ਖੜਾ ਸੀ। ਇਹ ਸਰਦਾਰ ਬੇ-ਧਿਅਨ ਹੀ ਅਤੇ ਪਹਿਰੇਦਾਰ ਦੇ ਪੁੱਛੇ ਬਿਨਾਂ ਹੀ ਅੱਗੇ ਲੰਘ ਗਿਆ

ਕਲੇਰਾਂ ਵਾਲੇ ਬਾਬਾ ਜੀ ਦੇ ਆਸਣ ਦੇ ਕੋਲ ਹੀ ਜਾ ਖੜਿਆ। ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਇਸ ਸਰਦਾਰ ਨੂੰ ਇੱਕ ਤ੍ਰਿਛੀ ਨਿਗਾਹ ਨਾਲ ਵੇਖਿਆ ਅਤੇ ਬਚਨ ਕੀਤਾ ਦੋ ਆਨੇ ਦਾ ਬੰਦਾ ਹੈ ਕਿਵੇਂ ਮੂੰਹ ਚੁੱਕ ਕੇ ਅਗਾਂਹ ਹੀ ਤੁਰਿਆਂ ਆ ਰਿਹਾ ਹੈ, ਇੱਕ ਦੋ ਬਚਨ ਹੋਰ ਤਾੜਨਾ ਦੇ ਲਹਿਜੇ ਵਿੱਚ ਆਖੇ ਜਿਨ੍ਹਾਂ ਨੂੰ ਸੁਣ ਕੇ ਸਰਦਾਰ ਸਹਾਰ ਨਾ ਸਕਿਆ ਅਤੇ ਵਾਪਸ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਪਹੁੰਚ ਕੇ ਰੋ ਕੇ ਸਾਰੀ ਗੱਲ ਦੱਸੀ। ਉਪਰੰਤ ਬਾਬਾ ਜੀ ਭੁੱਚੋਂ ਵਾਲਿਆਂ ਨੇ ਫਿਰ ਦੁਹਰਾ ਕੇ ਪੁੱਛਿਆ "ਕਿ ਉਨ੍ਹਾਂ ਮਹਾਂਪੁਰਖਾਂ ਦੀ ਨਿਗਾਹ ਵਿੱਚ ਤਾਂ ਲੱਖਾਂ ਹੀ ਇੰਦਰ, ਉਪਿੰਦ੍ਰ, ਕੌਡੀ ਤੋਂ ਖੋਟੇ ਹਨ ਜੇ ਤੈਨੂੰ ਉਨ੍ਹਾਂ ਨੇ ਦੋ ਆਨੇ ਦਾ ਕਹਿ ਦਿੱਤਾ ਤਾਂ ਕੀ ਹੋਇਆ ਮਹਾਂ ਪੁਰਖਾਂ ਦੀ ਨਿਗਾਹ ਚ ਦੋ ਆਨੇ ਦੀ ਕੀਮਤ ਹੀ ਬਹੁਤ ਹੁੰਦੀ ਹੈ। ਤੇਰਾ ਮੁੱਲ ਤਾਂ ਪੈ ਗਿਆ ਹੈ ਦੋ ਆਨੇ ਹੀ ਸਹੀ ਜਾ ਤੇਰਾ ਕਾਰਜ਼ ਸ਼ੁੱਧ ਹੈ।"

**"ਜੋ ਜਨੁ ਨਿਰਦਾਵੈ ਰਹੈ ਸੋ ਗਨੈ ਇੰਦ੍ਰ ਸੋ ਰੰਕ॥"**

(ਅੰਗ ੧੩੭੩)

# ਡੇਰਾ ਬਾਬਾ ਰੂੰਮੀ ਵਾਲਾ ਭੁੱਚੋਂ ਕਲਾਂ

ਇਹ ਅਸਥਾਨ ਪਿੰਡ ਭੁੱਚੋ ਕਲਾਂ ਵਿਖੇ ਹੈ। ਜੋ ਕੇ ਭੁੱਚੋਂ ਮੰਡੀ ਤੋਂ ਭਗਤੇ ਵਾਲੀ ਸੜਕ ਤੇ ਤਿੰਨ ਕੁ ਕਿਲੋਮੀਟਰ ਦੇ ਫਾਸਲੇ ਤੇ ਹੈ। ਪਿੰਡ ਭੁੱਚੋਂ ਕਲਾ ਬਠਿੰਡਾ ਤੋਂ ਦਸ ਕਿਲੋਮੀਟਰ ਦੇ ਫਾਂਸਲੇ ਤੇ ਹੈ। ਬਠਿੰਡਾ ਬਰਨਾਲਾ ਸੜਕ ਤੇ ਭੁੱਚੋਂ ਕੈਂਚੀਆਂ ਤੋਂ ਦੋ ਕੁ ਫਰਲਾਂਗ ਦੇ ਫਾਸਲੇ ਤੇ ਹੈ। ਜਿਹੜੀਆਂ ਬੱਸਾਂ ਮੋਗੇ ਤੋਂ ਬਠਿੰਡੇ ਨੂੰ ਭਗਤੇ ਵਿੱਚ ਦੀ ਜਾਂਦੀਆਂ ਹਨ ਉਹ ਪਿੰਡ ਭੁੱਚੋਂ ਕਲਾਂ ਹੋ ਕੇ ਜਾਂਦੀਆਂ ਹਨ। ਲੁਧਿਆਣੇ ਜਾਂ ਪਟਿਆਲੇ ਵਲੋਂ ਬੱਸਾਂ ਰਾਹੀਂ ਆਉਣ ਵਾਲੇ ਯਾਤਰੂ ਭੁੱਚੋਂ ਕੈਚੀਆਂ ਤੇ ਉੱਤਰ ਕੇ ਸੌਖ ਨਾਲ ਹੀ ਡੇਰਾ ਰੂੰਮੀ ਵਾਲਾ ਭੁੱਚੋਂ ਕਲਾਂ ਪਹੁੰਚ ਸਕਦੇ ਹਨ।

ਜਿੰਨਾਂ ਜਿੰਨਾਂ ਵਿਦਵਾਨਾਂ ਦੇ ਗ੍ਰੰਥਾਂ ਵਿਚੋਂ ਅਤੇ ਉਨ੍ਹਾਂ ਦੇ ਨਿੱਜੀ ਸਹਿਯੋਗ ਨਾਲ ਸਹਾਇਤਾ ਮਿਲੀ ਦਾਸ ਉਨ੍ਹਾਂ ਦਾ ਧੰਨਵਾਦੀ ਹੈ। ਪੁਸਤਕ ਮਿਲਣ ਦਾ ਪਤਾ।

ਪੁਸਤਕ ਮਿਲਣ ਦਾ ਪਤਾ<br>
ਸੰਤ ਬਾਬਾ ਸੁਖਦੇਵ ਸਿੰਘ<br>
ਡੇਰਾ ਬਾਬਾ ਰੂੰਮੀ ਵਾਲਾ<br>
ਪਿੰਡੇ ਤੇ ਡਾਕਖਾਨਾ ਭੁੱਚੋਂ ਕਲਾਂ<br>
(ਜ਼ਿਲ੍ਹਾ ਬਠਿੰਡਾ)

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ

ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ ਨੇ ਸੇਵਾ ਦਾ ਆਖਣਾ ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ

ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-2 ਵਾਲੇ ਮਹਾਂ ਸੰਪਟ ਪਾਠ ਨਾਨਕ ਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾ, ਬੱਸ ਯਾਤਰਾ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਂਵਾ) 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੋਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ, ਸੰਪਰਦਾਇ, ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਲੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਦੀ ਸੇਵਾ ਕਰਵਾ ਰਹੇ ਹਨ।

***